Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 17 * Issue 225
Daily Newspaper Monday, November 26, 2018
Tel: 905-793-2202 Fax: 905-793-2282 news@punjabipost.ca

# ਕਰਤਾਰਪੁਰ ਲਾਂਘਾ: ਕੈਪਟਨ ਨੇ ਪਾਕਿਸਤਾਨੀ ਸੱਦਾ ਠੁਕਰਾਇਆ, ਨਵਜੋਤ ਸਿੱਧੂ 28 ਨੂੰ ਪਾਕਿ ਪ੍ਰੋਗਰਾਮ 'ਚ ਸ਼ਾਮਲ ਹੋਣਗੇ

ਚੰਡੀਗੜ੍ਹ, 25 ਨਵੰਬਰ, (ਪੋਸਟ ਬਿਊਰੋ)- ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਲਈ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਕਸਬੇ 'ਚ ਲਾਂਘੇ ਵਾਸਤੇ ਗੇਟ ਬਣਾਉਣ ਦੀਆਂ ਤਿਆਰੀਆਂ ਦੇ ਦੌਰਾਨ ਭਾਰਤ-ਪਾਕਿਸਤਾਨ ਵਿਚਾਲੇ ਰਿਵਾਇਤੀ ਕਿਸਮ ਦੀ ਸਿਆਸਤ ਵੀ ਪਹਿਲਾਂ ਵਾਂਗ ਸਰਗਰਮ ਹੁੰਦੀ ਜਾਪਦੀ ਹੈ।





ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਲਾਂਘੇ ਦਾ ਨੀਂਹ ਪੱਥਰ ਰੱਖਣ ਮੌਕੇ 28 ਨਵੰਬਰ ਨੂੰ ਪਹੁੰਚਣ ਲਈ ਦਿੱਤੇ ਸੱਦੇ ਨੂੰ ਠੁਕਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੌਮਾਂਤਰੀ ਸਰਹੱਦ 'ਤੇ ਫ਼ੌਜੀਆਂ ਦਾ ਖ਼ੂਨ-ਖ਼ਰਾਬਾ ਪਹਿਲਾਂ ਬੰਦ ਕੀਤਾ ਜਾਵੇ, ਫਿਰ ਆਵਾਂਗੇ। ਇਸ ਦੇ ਬਾਵਜੂਦ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਨਿਮਰਤਾ ਸਹਿਤ ਪਾਕਿਸਤਾਨ ਦਾ ਸੱਦਾ ਪ੍ਰਵਾਨ ਕਰ ਲਿਆ ਹੈ। ਵਰਨਣ ਯੋਗ ਹੈ ਕਿ ਇਸ ਲਾਂਘੇ ਨੂੰ ਖੋਲ੍ਹਣ ਲਈ ਕਰੀਬ ਦੋ ਦਹਾਕਿਆਂ ਤੋਂ ਸਿੱਖ ਸੰਗਤ ਅਰਦਾਸ ਕਰ ਰਹੀ ਸੀ। ਲਾਂਘਾ ਖੁੱਲ੍ਹਣ ਨਾਲ ਡੇਰਾ ਬਾਬਾ ਨਾਨਕ ਕਸਬਾ ਦੁਨੀਆ ਦੇ ਨਕਸ਼ੇ 'ਚ ਉਭਰਵੇਂ ਰੂਪ ਵਿਚ ਆ ਜਾਵੇਗਾ ਅਤੇ ਸੈਰ ਸਪਾਟੇ ਦੇ ਕੇਂਦਰ ਵਜੋਂ ਵਿਕਸਤ ਹੋਵੇਗਾ। ਡੇਰਾ ਬਾਬਾ ਨਾਨਕ ਤੋਂ ਵਿਧਾਇਕ ਤੇ ਪੰਜਾਬ ਦੇ ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਮਾਗਮ ਦੀ ਤਿਆਰੀ ਦਾ ਜਾਇਜ਼ਾ ਲੈਂਦੇ ਹੋਏ ਕਿਹਾ ਕਿ ਇਸ ਕਸਬੇ ਦੇ ਭਾਗ ਖੁੱਲ੍ਹ ਗਏ ਹਨ।

ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਜੁੜੇ ਹੋਏ ਨਗਰਾਂ ਸੁਲਤਾਨਪੁਰ ਲੋਧੀ, ਬਟਾਲਾ ਤੇ ਡੇਰਾ ਬਾਬਾ ਨਾਨਕ ਆਦਿ ਦੇ ਸੜਕ ਪ੍ਰਾਜੈਕਟਾਂ ਦੀ ਛੇਤੀ ਪ੍ਰਵਾਨਗੀ ਲਈ ਕੇਂਦਰੀ ਮੰਤਰੀ ਨਿਤਿਨ ਗਡਕਰੀ ਤੋਂ ਨਿੱਜੀ ਦਖ਼ਲ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਨਿਤਿਨ ਗਡਕਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ ਬਾਰੇ ਪੰਜਾਬ ਸਰਕਾਰ ਦੀ ਬੇਨਤੀ ਪ੍ਰਵਾਨ ਕਰਨ ਅਤੇ ਸ਼ਰਧਾਲੂਆਂ ਦੇ ਸੌਖੇ ਢੰਗ ਨਾਲ ਕਰਤਾਰਪੁਰ ਪਹੁੰਚਣ ਵਾਸਤੇ ਲਾਂਘਾ ਖੋਲ੍ਹਣ ਦੇ ਫੈਸਲੇ ਲਈ ਉਹ ਕੇਂਦਰ ਸਰਕਾਰ ਦੇ ਧੰਨਵਾਦੀ ਹਨ। ਨਾਲ ਹੀ ਮੁੱਖ ਮੰਤਰੀ ਨੇ ਇਨ੍ਹਾਂ ਧਾਰਮਿਕ ਨਗਰਾਂ ਦੀ ਇਤਿਹਾਸਕ ਮਹੱਤਤਾ ਕਾਰਨ ਸੁਲਤਾਨਪੁਰ ਲੋਧੀ, ਬਟਾਲਾ, ਡੇਰਾ ਬਾਬਾ ਨਾਨਕ ਤੇ ਗੁਰਦਾਸਪੁਰ ਵਿੱਚ ਸੜਕਾਂ ਦਾ ਪੱਧਰ ਚੁੱਕਣ ਲਈ ਕੇਂਦਰੀ ਸੜਕ ਫੰਡ ਤੋਂ ਵਾਧੂ 150 ਕਰੋੜ ਰੁਪਏ ਦੇਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ 260 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਜਲੰਧਰ-ਕਪੂਰਥਲਾ-ਸੁਲਤਾਨਪੁਰ ਲੋਧੀ ਦਾ ਇੱਕ 21.3 ਕਿਲੋਮੀਟਰ ਟੋਟਾ ਚਾਰ-ਮਾਰਗੀ ਕਰਨ ਦੇ ਨਾਲ ਤਰਨ ਤਾਰਨ-ਗੋਇੰਦਵਾਲ ਸਾਹਿਬ-ਕਪੂਰਥਲਾ ਸੜਕ ਨੂੰ ਨੈਸ਼ਨਲ ਹਾਈਵੇਅ ਐਲਾਨਣ ਲਈ ਕਿਹਾ ਹੈ, ਕਿਉਂਕਿ ਇਹ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸਬੰਧਤ ਸੁਲਤਾਨਪੁਰ ਲੋਧੀ ਨੂੰ ਅੰਮ੍ਰਿਤਸਰ ਦੇ ਨਾਲ ਵੀ ਜੋੜਦਾ ਹੈ ਤੇ ਇਸ ਨੂੰ ਨੈਸ਼ਨਲ ਹਾਈਵੇਅ ਐਲਾਨਣ ਦੀ ਸਿਧਾਂਤਕ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ।

ਦੂਸਰੇ ਪਾਸੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਲਿਖੇ ਪੱਤਰ ਵਿੱਚ ਕਿਹਾ, 'ਮੈਂ 28 ਨਵੰਬਰ ਨੂੰ ਕਰਤਾਰਪੁਰ ਸਹਿਬ ਵਿਖੇ ਲਾਂਘੇ ਦਾ ਨੀਂਹ ਪੱਥਰ ਰੱਖਣ ਦੀ ਰਸਮ ਵਿੱਚ ਸ਼ਾਮਲ ਹੋਣ ਲਈ ਤੁਹਾਡੇ ਸੱਦੇ ਨੂੰ ਤਹਿ ਦਿਲੋਂ ਸਵੀਕਾਰ ਕਰਦਾ ਹਾਂ।' ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਨੇ ਅੱਗੇ ਹੋ ਕੇ ਇਹ ਪਹਿਲਾ ਕਦਮ ਚੁੱਕਿਆ ਹੈ ਤੇ ਇਹ ਕਦਮ ਪੁਰਾਣੇ ਮਤਭੇਦ ਭੁਲਾ ਕੇ ਭਾਰਤ-ਪਾਕਿਸਤਾਨ ਵਿਚਾਲੇ ਦਿਲ ਅਤੇ ਦਿਮਾਗ ਦੇ ਦਰਵਾਜ਼ੇ ਖੋਲ੍ਹਣ ਲਈ ਵਧੇਰੇ ਅਹਿਮ ਸਿੱਧ ਹੋਵੇਗਾ।

ਉਧਰ ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਲਾਂਘੇ ਦਾ ਨੀਂਹ ਪੱਥਰ ਰੱਖਣ ਦੇ ਸਮਾਗਮ ਵਿੱਚ ਭਾਰਤ ਸਰਕਾਰ ਵੱਲੋਂ ਦੋ ਕੇਂਦਰੀ ਮੰਤਰੀ ਭੇਜਣ ਦੇ ਫ਼ੈਸਲੇ ਨੂੰ ਸੁਖਾਵੀਂ ਪ੍ਰਤੀਕਿਰਿਆ ਦੱਸ ਕੇ ਇਸ ਦੀ ਸ਼ਲਾਘਾ ਕੀਤੀ ਹੈ। ਪਾਕਿਸਤਾਨ ਰੇਡੀਓ ਦੀ ਰਿਪੋਰਟ ਮੁਤਾਬਕ ਓਥੋਂ ਦੇ ਵਿਦੇਸ਼ ਮੰਤਰੀ ਮਹਿਮੂਦ ਕੁਰੈਸ਼ੀ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਪਾਕਿਸਤਾਨ ਭੇਜਣ ਦੇ ਭਾਰਤ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ।

## ਸੇਵਾ ਫੂਡ ਵਾਸਤੇ 'ਸੀ ਜੇ ਐਮ ਆਰ' 1320 ਦਾ ਰੇਡੀਓਥਾਨ

# 1 ਲੱਖ 70 ਹਜ਼ਾਰ ਡਾਲਰ ਤੋਂ ਵੱਧ ਹੋਏ ਫੰਡ ਰੇਜ਼

ਮਿਸੀਸਾਗਾ 25 ਨਵੰਬਰ ਪੋਸਟ ਬਿਊਰੋ: 'ਸੀ ਜੇ ਐਮ ਆਰ 1320 ਏ ਐਮ ਰੇਡੀਓ ਸਟੇਸ਼ਨ ਦੇ ਰੇਡੀਓ ਪ੍ਰੋਡਿਊਸਰਾਂ ਵੱਲੋਂ ਸਿੱਖ ਭਾਈਚਾਰੇ ਵੱਲੋਂ ਚਲਾਏ ਜਾਂਦੇ ਸੇਵਾ ਫੂਡ ਬੈਂਕ ਲਈ ਇੱਕ ਸਫ਼ਲ ਰੇਡੀਓਥਾਨ ਕਰਕੇ 1 ਲੱਖ 70 ਹਜ਼ਾਰ ਤੋਂ ਵੱਧ ਡਾਲਰ ਇੱਕਤਰ ਕੀਤੇ ਗਏ। 23 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਾਰਾ ਦਿਨ ਚੱਲੇ ਇਸ ਗਰੈਂਡ ਰੇਡੀਓਥਾਨ ਵਿੱਚ ਹਰ ਪੰਜਾਬੀ ਰੇਡੀਓ ਪ੍ਰੋਗਰਾਮ ਨੇ ਵੱਧ ਚੜ ਕੇ ਹਿੱਸਾ ਪਾਇਆ ਜਿਸਨੂੰ ਕਮਿਊਨਿਟੀ ਦੇ ਦਾਨੀਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਇਹ ਰੇਡੀਓਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਨੂੰ ਸਮ੍ਰਪਿੱਤ ਸੀ।

ਰੇਡੀਓਥਾਨ ਨੂੰ ਸਹਿਯੋਗ ਦੇਣ ਵਾਲੇ ਪ੍ਰੋਗਰਾਮਾਂ ਵਿੱਚ ਰੰਗਲਾ ਪੰਜਾਬ, ਪਰਵਾਸੀ, ਪੰਜਾਬ ਦੀ ਗੂੰਜ, ਗੀਤਾਂ ਨਾਲ ਪ੍ਰੀਤਾਂ, ਯਾਹੂ ਰੇਡੀਓ, ਫੁੱਲਕਾਰੀ, ਸਰਗਮ, ਅੱਜ ਦੀ ਆਵਾਜ਼ ਅਤੇ ਮਹਿਫਲ ਰੇਡੀਓ ਸ਼ਾਮਲ ਰਹੇ। ਇਸਤੋਂ ਇਲਾਵਾ ਵੀਕਐਂਡ ਦੌਰਾਨ ਚੱਲਣ ਵਾਲੇ ਪ੍ਰੋਗਰਾਮਾਂ 'ਦਿਲ ਆਪਣਾ ਪੰਜਾਬੀ, ਸਾਂਝ ਦਿਲਾਂ ਦੀ, ਆਪਣਾ ਪੰਜਾਬ ਰੇਡੀਓ, ਸਾਡਾ ਵਿਰਸਾ ਅਤੇ ਰੋਡ ਨਿਊਜ਼ ਰੰਗੋਲੀ ਪ੍ਰੋਗਰਾਮਾਂ ਵੱਲੋਂ ਵੀ ਦਿਲ ਜਾਨ ਨਾਲ ਮੁਹਿੰਮ ਵਿੱਚ ਯੋਗਦਾਨ ਪਾਇਆ ਗਿਆ। ਸੀ ਜੇ ਐਮ ਆਰ ਦੀ ਮੈਨੇਜਮੈਂਟ ਵੱਲੋਂ ਵੀ ਇਸ ਮੁਹਿੰਮ ਨੂੰ ਪੂਰਾ ਸਹਿਯੋਗ ਦਿੱਤਾ ਗਿਆ।

ਫੂਡ ਡਰਾਈਵ ਦੇ ਸਫ਼ਲ ਰਹਿਣ ਉੱਤੇ ਦਿਲਬਾਗ ਚਾਵਲਾ, ਡਾਕਟਰ ਬਲਵਿੰਦਰ ਅਤੇ ਕੁਲਦੀਪ ਦੀਪਕ ਸਮੇਤ ਸਮੂਹ ਰੇਡੀਓ ਹੋਸਟਾਂ ਨੇ ਸਮੁੱਚੀ ਕਮਿਊਨਿਟੀ ਦਾ ਨਿਭਾਈ ਗਈ ਸੇਵਾ ਲਈ ਧੰਨਵਾਦ ਕੀਤਾ ਹੈ। ਸੇਵਾ ਫੂਡ ਬੈਂਕ ਦੀ ਪ੍ਰਬੰਧਕ ਜੋਤੀ ਬੇਦੀ ਨੇ ਆਖਿਆ ਹੈ ਕਿ ਇਸ ਦਾਨ ਨਾਲ ਗਰੀਬ ਤਬਕੇ ਦੇ ਲੋਕਾਂ ਨੂੰ ਜੀਵਨ ਨਿਰਬਾਹ ਲਈ ਪੇਸ਼ ਮੁਸ਼ਕਲਾਂ ਨਾਲ ਸਿੱਝਣ ਵਿੱਚ ਭਾਰੀ ਮਦਦ ਮਿਲੇਗੀ।

## ਸਰਹੱਦ ਲਾਗੇ ਪਹੁੰਚੇ ਮਾਈਗ੍ਰੈਂਟਸ ਉੱਤੇ ਅਮਰੀਕਾ ਨੇ ਕੀਤੀ ਅੱਥਰੂ ਗੈਸ ਦੀ ਵਰਤੋਂ



ਤਿਜੁਆਨਾ, 25 ਨਵੰਬਰ (ਪੋਸਟ ਬਿਊਰੋ) : ਮੈਕਸਿਕੋ ਤੋਂ ਅਮਰੀਕੀ ਸਰਹੱਦ ਲਾਗੇ ਪਹੁੰਚੇ ਮਾਈਗ੍ਰੈਂਟਸ ਨੂੰ ਐਤਵਾਰ ਨੂੰ ਉਸ ਸਮੇਂ ਅੱਥਰੂ ਗੈਸ ਦਾ ਸਾਹਮਣਾ ਕਰਨਾ ਪਿਆ ਜਦੋਂ ਉਨ੍ਹਾਂ ਵਿੱਚੋਂ ਕੁੱਝ ਨੇ ਦੋਵਾਂ ਮੁਲਕਾਂ ਨੂੰ ਵੱਖ ਕਰਨ ਵਾਲੀ ਵਾੜ ਨੂੰ ਟੱਪਣ ਦੀ ਕੋਸ਼ਿਸ਼ ਕੀਤੀ। ...ਬਾਕੀ ਪੰਨਾ 6 'ਤੇ

## ਅਰਥਚਾਰੇ ਬਾਰੇ ਲਿਬਰਲ ਸਰਕਾਰ ਦੀ ਮੌਜੂਦਾ ਪਹੁੰਚ ਬਿਲਕੁਲ ਸਹੀ : ਮੌਰਨਿਊ



ਓਟਵਾ, 25 ਨਵੰਬਰ (ਪੋਸਟ ਬਿਊਰੋ) : ਵਿੱਤ ਮੰਤਰੀ ਬਿੱਲ ਮੌਰਨਿਊ ਦਾ ਕਹਿਣਾ ਹੈ ਕਿ ਮੌਜੂਦਾ ਆਰਥਿਕ ਹਾਲਾਤ ਦੇ ਮੱਦੇਨਜ਼ਰ ਬਜਟ ਨੂੰ ਸੰਤੁਲਿਤ ਕਰਨ ਲਈ ਸਰਕਾਰ ਵੱਲੋਂ ਖਰਚਾ ਕੀਤੇ ਜਾਣ ਦਾ ਫੈਸਲਾ ਬਿਲਕੁਲ ਸਹੀ ਹੈ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵਾਂ ਵੱਲੋਂ ਵਿੱਤੀ ਮੈਨੇਜਮੈਂਟ ਦੇ ਦਿੱਤੇ ਜਾ ਰਹੇ ਸੁਝਾਅ ਨਾਲ ਨੌਕਰੀਆਂ ਵਿੱਚ ਕਟੌਤੀ ਤੇ ਵਿਕਾਸ ਵਿੱਚ ਖੜੋਤ ਆਵੇਗੀ। ...ਬਾਕੀ ਪੰਨਾ 3 'ਤੇ

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME / AUTO / BUSINESS / TRUCKING / R.E.S.P / COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration, Real Estate, Family Law, Business Closing, Corporate, Wills & Estate, Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O.
Axxel Insurance Brokers Ltd. Axxel Financial Services Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com www.aristopestcontrol.com

# ASIAN FOOD CENTRE



SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



chatr MOBILE

BLACK FRIDAY SALE NOV 23!



NO TERM CONTRACTS
NO CREDIT CHECKS
DATA, TALK & TEXT
$40/MO.

ZTE Z828
~~$80~~ $59.99**
**WHEN YOU ACTIVATE AN AUTO-PAY PLAN

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON 2456 Lake Shore Blvd W., Etobicoke, ON

chatr AUTHORIZED DEALER

*Taxes extra. Offer subject to change without notice. Get 2GB of data at 3G speed up to 3Mbps. Once you reach your 3G speed data allotment, your data speed will be reduced until your next anniversary date. Valid at participating location(s) above and subject to change without notice. **Offer valid only at the above participating location(s) and subject to change without notice. Only applicable to new activations with the sign-up of pre-authorized payments with Auto-pay. Taxes are extra and while quantities last. ™ Trademarks used under license. ©2018

## ਅੱਜ ਨਾਮਾ

ਆਖਿਆ ਆਣ ਕੇ ਕੱਲ੍ਹ ਕੁਝ ਦੋਸਤਾਂ ਨੇ,
ਛੱਡ ਬਈ ਸੁਸਤੀਆਂ ਹੋ ਤਿਆਰ ਬੇਲੀ।
ਬਾਬੇ ਨਾਨਕ ਦੇ ਡੇਰੇ ਵੱਲ ਜਾ ਆਈਏ,
ਜਿਸ ਥਾਂ ਦਿੱਸਦੀ ਪੁਰੀ ਕਰਤਾਰ ਬੇਲੀ।
ਕਰ ਲਈ ਦੋਂਹ ਸਰਕਾਰਾਂ ਨੇ ਗੱਲ ਪੱਕੀ,
ਬਣਨੇ ਲੰਘਣ ਲਈ ਓਥੇ ਦੁਆਰ ਬੇਲੀ।
ਬਣ ਜਾਊ ਇੱਕ ਸਰਹੱਦ ਦੇ ਏਸ ਪਾਸੇ,
ਬਣਨਾ ਬਾਰਡਰ ਤੋਂ ਦੂਸਰਾ ਪਾਰ ਬੇਲੀ।
ਨਾਲੇ ਧਰਮ ਦੀ ਹੋਣੀ ਕੁਝ ਬਾਤ ਸੁਣਿਆ,
ਸਿੰਜਿਆ ਜਾਊ ਸਿਆਸਤ ਦਾ ਖੇਤ ਬੇਲੀ।
ਮਿਲਣੀ ਵੇਖਣ ਨੂੰ ਓੜਕ ਦੀ ਖਹਿਬਾਜ਼ੀ,
ਛਿੜਕੀ ਜਾਊ ਫਿਰ ਖੀਰ 'ਤੇ ਰੇਤ ਬੇਲੀ।

ਤੀਸ ਮਾਰ ਖਾਂ

# ਰਾਮ ਮੰਦਰ ਉਸਾਰੀ ਦਾ ਐਲਾਨ ਕੁੰਭ ਮੇਲੇ ਮੌਕੇ ਕੀਤਾ ਜਾਵੇਗਾ

## * ਅਯੁੱਧਿਆ ਵਿਚ ਹਿੰਦੂ ਸੰਗਠਨਾਂ ਦੇ ਇਕੱਠ ਦਾ ਫੈਸਲਾ

ਅਯੁੱਧਿਆ, 25 ਨਵੰਬਰ, (ਪੋਸਟ ਬਿਊਰੋ)- ਰਾਮ ਮੰਦਰ ਦੀ ਉਸਾਰੀ ਲਈ ਅੱਜ ਅਯੁੱਧਿਆ ਵਿਚ ਕੀਤੀ ਗਈ ਧਰਮ ਸਭਾ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਿਹਾ ਹੈ ਕਿ ਮੰਦਰ ਉਸਾਰੀ ਲਈ ਤਰੀਕਾਂ ਦਾ ਐਲਾਨ ਅਗਲੇ ਸਾਲ ਹੋਣ ਵਾਲੇ ਕੁੰਭ ਮੇਲੇ ਦੇ ਮੌਕੇ ਕੀਤਾ ਜਾਵੇਗਾ। ਇਸ ਦੌਰਾਨ ਅੱਜ ਦਾ ਇਕੱਠ ਸ਼ਾਂਤਮਈ ਸਮਾਪਤ ਹੋ ਗਿਆ।

ਮੰਦਰ ਉਸਾਰੀ ਦਾ ਫੈਸਲਾ ਕਰਨ ਲਈ ਕੀਤੇ ਗਏ ਇਕੱਠ ਨੂੰ ਸੰਬੋਧਨ ਕਰਦਿਆਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਰਾਮਜੀ ਦਾਸ ਨੇ ਕਿਹਾ, 'ਰਾਮ ਮੰਦਰ ਬਣਾਉਣ ਦੀ ਤਰੀਕ ਦਾ ਐਲਾਨ 2019 ਵਿੱਚ ਪ੍ਰਯਾਗ ਰਾਜ ਦੇ ਕੁੰਭ ਮੇਲੇ ਦੌਰਾਨ ਕੀਤਾ ਜਾਵੇਗਾ, ਇਹ ਕੁਝ ਦਿਨਾਂ ਦੀ ਹੀ ਗੱਲ ਹੈ ਤੇ ਮੈਂ ਸਭ ਨੂੰ ਬੇਨਤੀ ਕਰਦਾ ਹਾਂ ਕਿ ਥੋੜ੍ਹਾ ਸਬਰ ਰੱਖੋ।' ਇਸੇ ਸੰਗਠਨ ਦੇ ਮੀਤ ਪ੍ਰਧਾਨ ਚੰਪਤ ਰਾਏ ਨੇ ਆਖਿਆ ਕਿ ਰਾਮ ਮੰਦਰ ਦੀ ਇਕ ਇੰਚ ਜਗ੍ਹਾ ਵੀ ਕਿਸੇ ਨੂੰ ਨਹੀਂ ਛੱਡੀ ਜਾਵੇਗੀ। ਉਸ ਨੇ ਕਿਹਾ ਕਿ ਸੁੰਨੀ ਵਕਫ਼ ਬੋਰਡ ਨੂੰ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ ਵਿੱਚੋਂ ਆਪਣਾ ਕੇਸ ਵਾਪਸ ਲੈ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਮ ਮੰਦਰ ਮੁੱਦੇ ਉੱਤੇ ਜ਼ਮੀਨ ਦੀ ਵੰਡ ਸਾਨੂੰ ਪ੍ਰਵਾਨ ਨਹੀਂ ਤੇ ਭਗਵਾਨ ਰਾਮ ਲਈ ਸਾਰੀ ਜ਼ਮੀਨ ਚਾਹੁੰਦੇ ਹਾਂ। ਹਿੰਦੂ ਇਹ ਪ੍ਰਵਾਨ ਨਹੀਂ ਕਰਨਗੇ ਕਿ ਵਿਵਾਦ ਪੂਰਨ ਜ਼ਮੀਨ ਦੇ ਕਿਸੇ ਵੀ ਟੁਕੜੇ ਉੱਤੇ ਨਮਾਜ਼ ਅਦਾ ਕੀਤੀ ਜਾਵੇ।' ਰਾਮ ਜਨਮ ਭੂਮੀ ਟਰੱਸਟ ਦੇ ਮੁਖੀ ਨ੍ਰਿਤਿਆ ਗੋਪਾਲਦਾਸ ਨੇ ਕਿਹਾ: 'ਇਹ ਇਕੱਠ ਦੱਸਦਾ ਹੈ ਕਿ ਸਮਾਜ ਦੇ ਵੱਖ ਵੱਖ ਵਰਗਾਂ ਦੇ ਲੋਕ ਰਾਮ ਮੰਦਰ ਨਾਲ ਜੁੜੇ ਹੋਏ ਹਨ। ਅਸੀਂ ਅਦਾਲਤਾਂ ਦਾ ਸਤਿਕਾਰ ਕਰਦੇ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਤੋਂ ਸਾਨੂੰ ਬਹੁਤ ਆਸਾਂ ਹਨ। ਆਦਿਤਿਆਨਾਥ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਰਾਮ ਮੰਦਰ ਬਣਾਉਣ ਦਾ ਰਾਹ ਸਾਫ਼ ਕੀਤਾ ਜਾਵੇ।' ਅੱਜ ਧਰਮ ਸਭਾ ਵਾਲੀ ਜਗ੍ਹਾ ਵੰਨ-ਸੁਵੰਨੀਆਂ ਭਗਵੇਂ ਰੰਗ ਦੀਆਂ ਝੰਡੀਆਂ, ਬੈਨਰ ਤੇ ਪੱਗਾਂ ਦਿਖਾਈ ਦੇਂਦੀਆਂ ਸਨ। ਇਸ ਮੌਕੇ ਇਕ ਧਾਰਮਿਕ ਆਗੂ ਰਾਮ ਭਦਰਚਾਰੀਆ ਨੇ ਕਿਹਾ, '23 ਨਵੰਬਰ ਨੂੰ ਮੇਰੀ ਕੇਂਦਰ ਦੇ ਇਕ ਸੀਨੀਅਰ ਮੰਤਰੀ ਨਾਲ ਗੱਲਬਾਤ ਹੋਈ ਸੀ, ਜਿਸ ਨੇ ਭਰੋਸਾ ਦਿੱਤਾ ਸੀ ਕਿ 11 ਦਸੰਬਰ ਨੂੰ ਚੋਣ ਹਟਣ ਪਿੱਛੋਂ ਪ੍ਰਧਾਨ ਮੰਤਰੀ ਉਨ੍ਹਾਂ ਨਾਲ ਬੈਠਣ ਕੇ ਫ਼ੈਸਲਾ ਲੈਣਗੇ ਤਾਂ ਕਿ ਰਾਮ ਮੰਦਰ ਦੀ ਉਸਾਰੀ ਹੋ ਸਕੇ। ਸਾਨੂੰ ਦੱਸਿਆ ਗਿਆ ਕਿ ਸਾਡੇ ਨਾਲ ਧੋਖਾ ਨਹੀਂ ਕੀਤਾ ਜਾਵੇਗਾ ਤੇ ਮੈਂ ਮਹਿਸੂਸ ਕਰਦਾ ਹਾਂ ਕਿ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਵਿੱਚ ਆਰਡੀਨੈਂਸ ਦਾ ਰਸਤਾ ਕੱਢਿਆ ਜਾ ਸਕਦਾ ਹੈ। ਅਸੀਂ ਅਦਾਲਤ ਤੋਂ ਨਿਰਾਸ਼ ਹਾਂ, ਲੋਕਾਂ ਦੀ ਕਚਹਿਰੀ ਧੋਖਾ ਨਹੀਂ ਕਰੇਗੀ।'



ਮਹਾਰਾਸ਼ਟਰ ਤੋਂ ਅੱਜ ਏਥੇ ਉਚੇਚੇ ਪਹੁੰਚੇ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਨੇ ਕਿਹਾ ਕਿ ਜੇ ਅਯੁੱਧਿਆ ਵਿਚ ਰਾਮ ਮੰਦਰ ਨਾ ਬਣਿਆ ਤਾਂ ਕੇਂਦਰ ਵਿਚ ਭਾਜਪਾ ਦੀ ਸਰਕਾਰ ਨਹੀਂ ਬਚੇਗੀ ਤੇ ਮੰਦਰ ਉਸਾਰੀ ਲਈ ਆਰਡੀਨੈਂਸ ਜਾਰੀ ਹੋਣਾ ਚਾਹੀਦਾ ਹੈ ਤਾਂ ਕਿ ਹਿੰਦੂ ਭਾਵਨਾਵਾਂ ਦਾ ਖਿਆਲ ਰੱਖਿਆ ਜਾ ਸਕੇ। ਉਨ੍ਹਾਂ ਨੇ ਰਾਮਲੱਲਾ ਦੀਆਂ ਮੂਰਤੀਆਂ ਅੱਗੇ ਮੱਥਾ ਟੇਕਿਆ ਤੇ ਕਿਹਾ, 'ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ (ਭਾਜਪਾ) ਚੋਣਾਂ ਲੜਦੇ ਹੋ ਤਾਂ ਕਹਿੰਦੇ ਹੋ ਕਿ ਸੰਵਿਧਾਨ ਹੇਠ ਸਾਰੀਆਂ ਸੰਭਾਵਨਾਵਾਂ ਦੀ ਤਲਾਸ਼ ਕਰਾਂਗੇ, ਚਾਰ ਸਾਲ ਤੁਸੀਂ ਕੀ ਕੀਤਾ ਹੈ, ਸੰਭਾਵਨਾਵਾਂ ਕਦੋਂ ਤਲਾਸ਼ੋਗੇ।'

# ਓਸ਼ਵਾ ਵਿਚਲਾ ਆਪਣਾ ਸਾਰਾ ਕੰਮਕਾਜ ਬੰਦ ਕਰੇਗੀ ਜੀਐਮ?

ਓਸ਼ਵਾ, 25 ਨਵੰਬਰ (ਪੋਸਟ ਬਿਊਰੋ) : ਵੱਖ ਵੱਖ ਸਰੋਤਾਂ ਤੋਂ ਇਹ ਪਤਾ ਲੱਗਿਆ ਹੈ ਕਿ ਜਨਰਲ ਮੋਟਰਜ਼ ਓਸ਼ਵਾ, ਓਨਟਾਰੀਓ ਵਿਚਲੇ ਆਪਣੇ ਸਾਰੇ ਆਪਰੇਸ਼ਨ ਬੰਦ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਨਾਲ ਵੱਧ ਤਨਖਾਹ ਵਾਲੀਆਂ ਕਈ ਨੌਕਰੀਆਂ ਖੁੱਸਣ ਦਾ ਵੀ ਡਰ ਪੈਦਾ ਹੋ ਗਿਆ ਹੈ।





ਟੋਰਾਂਟੋ ਦੇ ਪੂਰਬ ਵਿੱਚ 60 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ 159,000 ਲੋਕਾਂ ਦੀ ਆਬਾਦੀ ਵਾਲੇ ਇਸ ਸ਼ਹਿਰ ਵਿੱਚ ਇਸ ਸਬੰਧ ਵਿੱਚ ਐਲਾਨ ਸੋਮਵਾਰ ਨੂੰ ਕੀਤੇ ਜਾਣ ਦੀ ਸੰਭਾਵਨਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜੀਐਮ ਵੱਲੋਂ ਓਸ਼ਵਾ ਵਿੱਚ ਆਪਣਾ ਕੰਮਕਾਜ ਬੰਦ ਕਰਨ ਦੀ ਕਵਾਇਦ ਅਸਲ ਵਿੱਚ ਗਲੋਬਲ ਪੁਨਰਗਠਨ ਦਾ ਹੀ ਹਿੱਸਾ ਹੈ।

ਇਸ ਸਮੇਂ ਓਸ਼ਵਾ ਏਰੀਆ ਵਿੱਚ ਕੰਪਨੀ ਦੀਆਂ 2500 ਯੂਨੀਅਨ ਪੁਜ਼ੀਸ਼ਨਾਂ ਹਨ ਤੇ 300 ਦੇ ਲੱਗਭਗ ਤਨਖਾਹਯਾਫਤਾ ਕਰਮਚਾਰੀ ਹਨ। ਇਸ ਤੋਂ ਇਲਾਵਾ ਇੰਗਰਸੋਲ, ਮਾਰਖਮ ਤੇ ਸੇਂਟ ਕੈਥਰੀਨਜ਼ ਵਿੱਚ ਵੀ ਜੀਐਮ ਦੇ ਕਈ ਹੋਰ ਕਰਮਚਾਰੀ ਕੰਮ ਕਰਦੇ ਹਨ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਕੀ ਇਨ੍ਹਾਂ ਅਹੁਦਿਆਂ ਉੱਤੇ ਵੀ ਕੰਪਨੀ ਦੇ ਇਸ ਫੈਸਲੇ ਦਾ ਕੋਈ ਅਸਰ ਪਵੇਗਾ। ਓਸ਼ਵਾ ਦੇ ਸਾਬਕਾ ਮੇਅਰ ਜੌਹਨ ਹੈਨਰੀ ਦਾ ਕਹਿਣਾ ਹੈ ਕਿ ਉਹ ਆਸ ਕਰ ਰਹੇ ਹਨ ਕਿ ਇਹ ਅਫਵਾਹ ਹੀ ਹੋਵੇ ਕਿਉਂਕਿ ਕਮਿਊਨਿਟੀ ਲਈ ਜੀਐਮ ਵੱਡਾ ਆਰਥਿਕ ਇੰਜਣ ਹੈ। ਇੱਕ ਸਮਾਂ ਸੀ ਜਦੋਂ ਓਸ਼ਵਾ ਇਲਾਕੇ ਵਿੱਚ ਜੀਐਮ ਦੇ 40,000 ਕਰਮਚਾਰੀ ਸਨ। ਹੈਨਰੀ ਨੇ ਦੱਸਿਆ ਕਿ ਉਨ੍ਹਾਂ ਦੇ ਸਾਰੇ ਪਰਿਵਾਰ ਨੇ ਹੀ ਜੀਐਮ ਵਿੱਚ ਕੰਮ ਕੀਤਾ ਹੈ। ਪਰ ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਓਸਵਾ ਦਾ ਅਰਥਚਾਰਾ ਸਿਰਫ ਆਟੋ ਸਨਅਤ ਉੱਤੇ ਹੀ ਨਿਰਭਰ ਨਹੀਂ ਕਰਦਾ।

# ਰਾਜਾਸਾਂਸੀ ਕਾਂਡ ਵਿੱਚ ਫੜੇ ਅਵਤਾਰ ਸਿੰਘ ਦਾ ਅਪਰਾਧਿਕ ਪਿੱਛਾ ਵੀ ਨਿਕਲ ਆਇਆ

ਪਟਿਆਲਾ, 25 ਨਵੰਬਰ, (ਪੋਸਟ ਬਿਊਰੋ)- ਰਾਜਾਸਾਂਸੀ ਦੇ ਨਿਰੰਕਾਰੀ ਭਵਨ ਵਿੱਚ ਗ੍ਰਨੇਡ ਹਮਲੇ ਵਿੱਚ ਮੁੱਖ ਦੋਸ਼ੀ ਕਹੇ ਜਾਂਦੇ ਅਵਤਾਰ ਸਿੰਘ ਦੀ ਗ੍ਰਿਫ਼ਤਾਰੀ ਦੇ ਇੱਕ ਦਿਨ ਪਿੱਛੋਂ ਮਿਲੇ ਦਸਤਾਵੇਜ਼ਾਂ ਮੁਤਾਬਕ ਉਹ ਇੱਕ ਅਪਰਾਧਿਕ ਕੇਸ ਵਿਚ ਸ਼ਾਮਲ ਸੀ ਅਤੇ ਉਸ ਦਾ ਲਿਖਤੀ ਸਮਝੌਤਾ ਕੀਤਾ ਸੀ, ਜਿਸ ਉਤੇ ਉਸਦੇ ਪਿਤਾ ਦੇ ਵੀ ਦਸਤਖ਼ਤ ਹਨ।

ਵਰਨਣ ਯੋਗ ਹੈ ਕਿ ਸ਼ੁਰੂ ਵਿੱਚ ਪੁਲੀਸ ਦਾ ਮੰਨਣਾ ਸੀ ਕਿ ਅਵਤਾਰ ਸਿੰਘ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਸੀ ਅਤੇ ਉਸ ਦੇ ਪਿਤਾ ਦਾ ਵੀ ਦਾਅਵਾ ਸੀ ਕਿ ਉਸ ਦੇ ਪੁੱਤਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਤੇ ਉਸ ਦਾ ਅਪਰਾਧਿਕ ਪਿਛੋਕੜ ਨਹੀਂ ਹੈ। ਬਾਅਦ ਵਿੱਚ ਨਿਕਲੇ ਦਸਤਾਵੇਜ਼ਾਂ ਮੁਤਾਬਕ ਸਾਲ 2010 ਵਿਚ ਸਿੱਖ ਵਿਦਵਾਨ ਇੰਦਰ ਸਿੰਘ ਘੱਗਾ ਉੱਤੇ ਹਮਲੇ ਦੇ ਦੋਸ਼ ਹੇਠ ਅਵਤਾਰ ਸਿੰਘ ਉੱਤੇ ਕੇਸ ਦਰਜ ਹੋਇਆ ਸੀ। ਸਦਰ ਥਾਣੇ ਵਿਚ ਦਰਜ ਕੇਸ ਮੁਤਾਬਕ 17 ਅਕਤੂਬਰ 2010 ਨੂੰ ਅਵਤਾਰ ਸਿੰਘ ਨੇ ਆਪਣੇ ਪਿੰਡ ਦੇ ਜੁਝਾਰ ਸਿੰਘ ਨਾਲ ਇੰਦਰ ਸਿੰਘ ਘੱਗਾ ਦੇ ਘਰ ਵੜ ਕੇ ਉਸ ਉੱਤੇ ਹਮਲਾ ਕੀਤਾ ਸੀ। ਪੁਲੀਸ ਨੇ ਦੋਵਾਂ ਨੂੰ 31 ਅਕਤੂਬਰ 2010 ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਸੀ। ਫਿਰ ਦੋਵਾਂ ਦਾ ਇੰਦਰ ਸਿੰਘ ਘੱਗਾ ਨਾਲ ਸਮਝੌਤਾ ਹੋਣ ਪਿੱਛੋਂ ਅਦਾਲਤ ਨੇ ਦੋਵਾਂ ਨੂੰ 23 ਅਗਸਤ 2014 ਨੂੰ ਬਰੀ ਕਰ ਦਿੱਤਾ ਸੀ। ਇਸ ਸਮਝੌਤੇ ਉੱਤੇ ਅਵਤਾਰ ਸਿੰਘ ਦੇ ਪਿਤਾ ਗੁਰਦਿਆਲ ਸਿੰਘ ਦੇ ਦਸਖ਼ਤ ਵੀ ਹਨ, ਜੋ ਓਦੋਂ ਪਿੰਡ ਚੱਕ ਮਿਸ਼ਰੀ ਖਾਂ ਦੇ ਸਰਪੰਚ ਸਨ। ਇਹ ਸਮਝੌਤਾ ਪੁਲੀਸ ਰਿਕਾਰਡ ਦਾ ਹਿੱਸਾ ਹੈ। ਗੁਰਦਿਆਲ ਸਿੰਘ ਦਾ ਮੀਡੀਆ ਵਿਚ ਦਾਅਵਾ ਹੈ ਕਿ ਉਨ੍ਹਾਂ ਨੂੰ ਆਪਣੇ ਪੁੱਤਰ ਦੇ ਅਜਿਹੇ ਕੰਮਾਂ ਵਿਚ ਸ਼ਾਮਲ ਹੋਣ ਦੀ ਜਾਣਕਾਰੀ ਨਹੀਂ ਸੀ।

ਉਸ ਝਗੜੇ ਦੇ ਵਕਤ ਦੇ ਐੱਸ ਐੱਚ ਕਰਨ ਸ਼ੇਰ ਸਿੰਘ, ਜਿਹੜੇ ਅੱਜ ਕੱਲ੍ਹ ਡੀ ਐੱਸ ਪੀ ਹਨ, ਦਾ ਕਹਿਣਾ ਹੈ ਕਿ ਰਾਜਾਸਾਂਸੀ ਧਮਾਕੇ ਵਾਲੇ ਦਿਨ ਸ਼ੁਰੂ ਵਾਲੇ ਸੀ ਸੀ ਟੀ ਵੀ ਫੋਟੋਜ਼ ਤੋਂ ਹੀ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਇਹ ਅਵਤਾਰ ਸਿੰਘ ਉਹੀ ਹੋਵੇਗਾ। ਉਨ੍ਹਾਂ ਦੱਸਿਆ, 'ਸਾਲ 2010 ਵਿਚ ਜਾਂਚ ਦੌਰਾਨ ਅਵਤਾਰ ਸਿੰਘ ਨੇ ਕਿਹਾ ਸੀ ਕਿ ਸਿੱਖ ਸਿਧਾਂਤਾਂ ਦੇ ਖਿਲਾਫ਼ ਜਾਣ ਵਾਲੇ ਧਾਰਮਿਕ ਪ੍ਰਚਾਰ ਦੇ ਇਕੱਠਾਂ ਉੱਤੇ ਹਮਲਾ ਕਰਨ ਲਈ ਉਹ ਹਰ ਹੱਦ ਤਕ ਜਾ ਸਕਦਾ ਹੈ।'

# ਅਰਥਚਾਰੇ ਬਾਰੇ ਲਿਬਰਲ ਸਰਕਾਰ ਦੀ ਮੌਜੂਦਾ ਪਹੁੰਚ ਬਿਲਕੁਲ ਸਹੀ : ਮੌਰਨਿਊ

...ਪੰਨਾ 1 ਦਾ ਬਾਕੀ

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 2019 ਤੱਕ ਬਜਟ ਨੂੰ ਸੰਤੁਲਿਤ ਕਰਨ ਦੇ ਕੀਤਾ ਵਾਅਦਾ ਪੂਰਾ ਨਾ ਕਰਨ ਦਾ ਪੱਖ ਪੂਰਦਿਆਂ ਇੱਕ ਇੰਟਰਵਿਊ ਵਿੱਚ ਮੌਰਨਿਊ ਨੇ ਆਖਿਆ ਕਿ ਕੰਜ਼ਰਵੇਟਿਵ ਸਾਡੇ ਉੱਤੇ ਦਬਾਅ ਪਾ ਰਹੇ ਹਨ ਕਿ ਉਸ ਰਕਮ ਨੂੰ ਘਟਾਇਆ ਜਾਵੇ ਜਿਹੜੀ ਅਸੀਂ ਅਰਥਚਾਰੇ ਵਿੱਚ ਲਾਉਣ ਜਾ ਰਹੇ ਹਾਂ ਤਾਂ ਕਿ ਬਜਟ ਨੂੰ ਤੇਜ਼ੀ ਨਾਲ ਸੰਤੁਲਿਤ ਕੀਤਾ ਜਾ ਸਕੇ। ਟੋਰੀਜ਼ ਦਾ ਕਹਿਣਾ ਹੈ ਕਿ ਇਸ ਨਾਲ ਸੇਵਾਵਾਂ ਵਿੱਚ ਕਟੌਤੀ ਹੋਵੇਗੀ, ਬੇਰੋਜ਼ਗਾਰੀ ਦਰ ਵਧੇਗੀ, ਵਿਕਾਸ ਦਰ ਘਟੇਗੀ ਤੇ ਇਹ ਖੁਦ ਨੂੰ ਹਾਰ ਦੇ ਰਾਹ ਉੱਤੇ ਲਿਜਾਣ ਵਾਲੀ ਗੱਲ ਹੋਵੇਗੀ।

ਉਨ੍ਹਾਂ ਆਖਿਆ ਕਿ ਅਸੀਂ ਸੰਤੁਲਿਤ ਪਹੁੰਚ ਅਪਣਾ ਸਕਦੇ ਹਾਂ। ਅਸੀਂ ਕਰਜ਼ੇ ਨੂੰ ਘਟਾਉਣ ਦੇ ਨਾਲ ਨਾਲ ਅਰਥਚਾਰੇ ਨੂੰ ਲੀਹ ਉੱਤੇ ਲਿਆਂਵਾਂਗੇ। ਸਾਨੂੰ ਇਹ ਦੋਵੇਂ ਚੀਜਾਂ ਇੱਕਠਿਆਂ ਕਰਨੀਆਂ ਹੋਣਗੀਆਂ। ਇਸ ਨਾਲ ਹੀ ਸਾਨੂੰ ਸਕਾਰਾਤਮਕ ਨਤੀਜੇ ਮਿਲਣੇ ਸ਼ੁਰੂ ਹੋਣਗੇ ਜਿਹੜੇ ਸਾਨੂੰ ਪਿਛਲੇ ਕੁੱਝ ਸਾਲਾਂ ਤੋਂ ਨਹੀਂ ਮਿਲ ਰਹੇ। ਮੌਰਨਿਊ ਨੇ ਆਖਿਆ ਕਿ ਉਨ੍ਹਾਂ ਦਾ ਧਿਆਨ ਮੌਜੂਦਾ ਪਹੁੰਚ ਨੂੰ ਬਰਕਰਾਰ ਰੱਖਣ ਉੱਤੇ ਹੀ ਰਹੇਗਾ। ਉਨ੍ਹਾਂ ਆਖਿਆ ਕਿ ਇਸ ਪਹੁੰਚ ਨੇ ਹੁਣ ਤੱਕ ਕੰਮ ਕੀਤਾ ਹੈ ਤੇ ਅਰਥਚਾਰੇ ਵਿੱਚ ਵੀ ਸਕਾਰਾਤਮਕ ਬਦਲਾਅ ਨਜ਼ਰ ਆ ਰਹੇ ਹਨ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 Herbal Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰ੍ਹੀ ਤੇ ਬਾਇਪਾਸ ਸਰਜਰੀ ਤੋਂ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਬਰਗਾੜੀ ਦੇ ਗੁਰਪੁਰਬ ਸਮਾਗਮ ’ਚ ਬਾਦਲਾਂ ਅਤੇ ਕੈਪਟਨ ਉੱਤੇ ਚਾਂਦਮਾਰੀ ਹੁੰਦੀ ਰਹੀ



ਜੈਤੋ, 25 ਨਵੰਬਰ, (ਪੋਸਟ ਬਿਊਰੋ)- ਬਰਗਾੜੀ ਵਿੱਚ ਚੱਲ ਰਹੇ ਇਨਸਾਫ਼ ਮੋਰਚੇ ਵਾਲੀ ਥਾਂ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨਾਲ ਸਬੰਧਤ ਸਮਾਗਮ ਕੀਤਾ ਗਿਆ, ਜਿਸ ਵਿੱਚ ਪਹੁੰਚੇ ਧਾਰਮਿਕ ਤੇ ਰਾਜਨੀਤਕ ਆਗੂਆਂ ਦੀਆਂ ਤਕਰੀਰਾਂ ਵਿੱਚ ਬੇਅਦਬੀ ਦੇ ਰੋਸ ਦਾ ਮੁੱਦਾ ਭਾਰੂ ਰਿਹਾ, ਪਰ ਪਿਛਲੇ ਦਿਨੀਂ ਦਿੱਲੀ ਵਿੱਚ ਬਾਦਲਾਂ ਦੇ ਘਰ ਹੋਏ ਗੁਰਪੁਰਬ ਸਮਾਗਮ ਬਾਰੇ ਵੀ ਕਈ ਬੁਲਾਰਿਆਂ ਨੇ ਸਵਾਲ ਉਠਾਏ।

ਸਰਬੱਤ ਖਾਲਸਾ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਬਦਲਵੇਂ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਅੱਜ ਸ਼ਾਮ ਸਮਾਗਮ ਦੀ ਸਮਾਪਤੀ ਮੌਕੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਸਿੱਖ ਕੌਮ ਨੇ ਕੇਸਰੀ ਝੰਡੇ ਹੇਠਾਂ ਇੱਕ-ਮੁੱਠ ਹੋਣ ਦਾ ਹੰਭਲਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਤੇ ਸਭ ਨੂੰ ਪਿਆਰ ਕਰਨ ਵਾਲੀ ਕੌਮ ਹੈ। ਇਸ ਲਈ ਹਰ ਕਿਸੇ ਨੂੰ ਹਰ ਖੇਤਰ ਵਿੱਚ ਬਿਹਤਰੀ ਲਈ ਸਿੱਖਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ।

ਜਥੇਦਾਰ ਮੰਡ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਦਾ ਨਾਂ ਲੈ ਕੇ ਕਿਹਾ ਕਿ ਉਹ ਬੇਅਦਬੀ ਦੇ ਦੋਸ਼ੀ ਹਨ ਅਤੇ ਉਨ੍ਹਾਂ ਨੂੰ ਸਜ਼ਾ ਭੁਗਤਣ ਲਈ ਅਕਾਲ ਤਖ਼ਤ ਅੱਗੇ ਇੱਕ ਦਿਨ ਜ਼ਰੂਰ ਗੋਡੇ ਰਗੜ ਕੇ ਆਉਣਾ ਪਵੇਗਾ। ਮੰਡ ਨੇ ਬਾਦਲਾਂ ਉੱਤੇ ਅਕਾਲੀ ਦਲ ਨੂੰ ਭਾਜਪਾ ਵਿਚ ਰਲਾ ਦੇਣ ਦਾ ਦੋਸ਼ ਵੀ ਲਾਇਆ। ਰਾਜਾਸਾਂਸੀ ਦੇ ਨਿਰੰਕਾਰੀ ਭਵਨ ਵਿੱਚ ਹੋਏ ਗ੍ਰਨੇਡ ਹਮਲੇ ਬਾਰੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਉੱਤੇ ਵਰ੍ਹਦਿਆਂ ਜਥੇਦਾਰ ਧਿਆਨ ਸਿੰਘ ਮੰਡ ਨੇ ਸਿੱਖ ਨੌਜਵਾਨਾਂ ਉੱਤੇ ਝੂਠੇ ਕੇਸ ਪਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਬਰਗਾੜੀ ਕਾਂਡ ਵੇਲੇ ਅਕਾਲੀ ਸਰਕਾਰ ਨੇ ਵੀ ਪੰਜਗਰਾਈਂ ਦੇ ਦੋ ਨੌਜਵਾਨ ਭਰਾਵਾਂ ਨੂੰ ਇਸੇ ਤਰ੍ਹਾਂ ਫਸਾਇਆ ਸੀ।

ਤਖ਼ਤ ਕੇਸਗੜ੍ਹ ਸਾਹਿਬ ਦੇ ਬਦਲਵੇਂ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਆਪਣੇ ਆਪ ਨੂੰ ਧਾਰਮਿਕ ਚਰਚਾ ਤੱਕ ਸੀਮਤ ਰੱਖਿਆ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਿੱਖਾਂ ਦੀ ਆਜ਼ਾਦੀ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਹੱਕ ਵਿੱਚ ਨਾਅਰੇ ਲਵਾਏ। ਪਿਛਲੇ ਦਿਨੀਂ ਦਿੱਲੀ ਵਿਖੇ ਬਾਦਲਾਂ ਦੇ ਘਰ ਹੋਏ ਸਮਾਗਮ ਵਿੱਚ ਸ਼ਾਮਲ ਹੋਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਨਿੰਦਾ ਕਰਦੇ ਹੋਏ ਮਾਨ ਨੇ ਕਿਹਾ ਕਿ ਘਰੇਲੂ ਸਮਾਗਮਾਂ ਵਿੱਚ ਜਾਣਾ ਇਨ੍ਹਾਂ ਆਗੂਆਂ ਨੂੰ ਸ਼ੋਭਾ ਨਹੀਂ ਦਿੰਦਾ। ਅੱਜ ਸਮਾਗਮ ਵਿੱਚ ਬਾਬਾ ਸਰਬਜੋਤ ਸਿੰਘ ਬੇਦੀ, ਵਿਧਾਨ ਸਭਾ ਦੇ ਸਾਬਕਾ ਸਪੀਕਰ ਬੀਰਦਵਿੰਦਰ ਸਿੰਘ, ਬਸਪਾ ਦੇ ਲਾਲ ਸਿੰਘ ਸੁਲਹਾਣੀ ਤੇ ਨਿਹੰਗ ਜਥੇਬੰਦੀਆਂ, ਸੰਤ ਸਮਾਜ, ਟਕਸਾਲਾਂ ਅਤੇ ਨਾਮਧਾਰੀ ਸੰਪਰਦਾਵਾਂ ਦੇ ਬਹੁਤ ਸਾਰੇ ਪ੍ਰਤੀਨਿਧਾਂ ਨੇ ਹਾਜ਼ਰੀ ਭਰੀ।

# ਬ੍ਰੈਗਜ਼ਿਟ ਸਮਝੌਤਾ ਪ੍ਰਵਾਨ, ਬ੍ਰਿਟੇਨ ਅਗਲੇ 29 ਮਾਰਚ ਨੂੰ ਯੂਰਪੀ ਯੂਨੀਅਨ ਤੋਂ ਵੱਖ ਹੋ ਜਾਵੇਗਾ



ਬਰੱਸਲਜ਼, 25 ਨਵੰਬਰ, (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਦੇ ਆਗੂਆਂ ਨੇ ਬ੍ਰੈਗਜ਼ਿਟ ਸਮਝੌਤੇ ਉਤੇ ਮੋਹਰ ਲਾ ਦਿੱਤੀ ਹੈ। ਇਸ ਦੇ ਬਾਅਦ ਜੇ ਇਸ ਸਮਝੌਤੇ ਨੂੰ ਬ੍ਰਿਟੇਨ ਦੀ ਪਾਰਲੀਮੈਂਟ ਦੀ ਮਨਜ਼ੂਰੀ ਮਿਲ ਜਾਵੇ ਤਾਂ ਅਗਲੇ ਸਾਲ 29 ਮਾਰਚ ਨੂੰ ਬ੍ਰਿਟੇਨ ਰਸਮੀ ਤੌਰ ’ਤੇ ਯੂਰਪੀ ਯੂਨੀਅਨ ਤੋਂ ਵੱਖ ਹੋ ਜਾਵੇਗਾ। ਇਸ ਦੌਰਾਨ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਬ੍ਰੈਗਜ਼ਿਟ ਸਮਝੌਤੇ ਨੂੰ ਦੇਸ਼ ਦੇ ਹਿੱਤ ’ਚ ਦੱਸਦਿਆਂ ਆਪਣੇ ਦੇਸ਼ ਵਾਸੀਆਂ ਦੇ ਨਾਂ ਚਿੱਠੀ ਲਿਖੀ ਹੈ, ਜਿਸ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਇੱਕ ਭਾਵੁਕ ਅਪੀਲ ਕੀਤੀ ਹੈ।

ਬੈਲਜੀਅਮ ਦੀ ਰਾਜਧਾਨੀ ਬਰੱਸਲਜ਼ ਵਿੱਚ ਬ੍ਰੈਗਜ਼ਿਟ (ਬ੍ਰਿਟੇਨ ਵੱਲੋਂ ਯੂਰਪੀ ਯੂਨੀਅਨ ਵਿੱਚੋਂ ਐਗਜ਼ਿਟ) ਵਾਲੇ ਇਸ ਸਮਝੌਤੇ ਉੱਤੇ ਵਿਚਾਰ ਕਰਨ ਲਈ ਐਤਵਾਰ ਨੂੰ ਈ ਯੂ ਦੇ ਬਾਕੀ 27 ਮੈਂਬਰ ਦੇਸ਼ਾਂ ਦੇ ਨੇਤਾਵਾਂ ਦੀ ਬੈਠਕ ਹੋਈ ਤਾਂ ਇਸ ਬੈਠਕ ਵਿੱਚ ਬ੍ਰੈਗਜ਼ਿਟ, ਯਾਨੀ ਈ ਯੂ ਤੋਂ ਬ੍ਰਿਟੇਨ ਦੇ ਵੱਖ ਹੋਣ ਦੇ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਬੈਠਕ ਤੋਂ ਬਾਅਦ ਯੂਰਪੀ ਕੌਂਸਲ ਦੇ ਪ੍ਰਧਾਨ ਡੋਨਾਲਡ ਟਸਕ ਨੇ ਟਵੀਟ ਕੀਤਾ, ‘ਈ ਯੂ-ਯੂ ਕੇ ਦੇ ਭਵਿੱਖ ਦੇ ਸਬੰਧਾਂ ਅਤੇ ਇਸ ਵਿੱਚੋਂ ਬ੍ਰਿਟੇਨ ਦੀ ਨਿਕਾਸੀ ਦੇ ਸਮਝੌਤੇ ਅਤੇ ਸਿਆਸੀ ਐਲਾਨਨਾਮੇ ਦਾ ਈ ਯੂ ਦੇ 27 ਦੇਸ਼ਾਂ ਨੇ ਸਮਰਥਨ ਕੀਤਾ ਹੈ।’

ਇਸ ਤੋਂ ਬਾਅਦ ਬ੍ਰੈਗਜ਼ਿਟ ਸਮਝੌਤੇ ਨੂੰ ਬ੍ਰਿਟੇਨ ਦੀ ਪਾਰਲੀਮੈਂਟ ਤੋਂ ਮਨਜ਼ੂਰੀ ਮਿਲਣੀ ਹੈ। ਮੰਨਿਆ ਜਾਂਦਾ ਹੈ ਕਿ ਦਸੰਬਰ ’ਚ ਬ੍ਰਿਟੇਨ ਦੀ ਪਾਰਲੀਮੈਂਟ ’ਚ ਇਸ ਉੱਤੇ ਵੋਟਿੰਗ ਹੋ ਸਕਦੀ ਹੈ। ਪ੍ਰਧਾਨ ਮੰਤਰੀ ਮੇਅ ਲਈ ਸਮਝੌਤੇ ਨੂੰ ਪਾਰਲੀਮੈਂਟ ਵਿੱਚ ਇਸ ਨੂੰ ਪਾਸ ਕਰਾਉਣਾ ਸੌਖਾ ਨਹੀਂ ਹੋਵੇਗਾ। ਇਸ ਬਾਰੇ ਬ੍ਰਿਟੇਨ ’ਚ ਸਿਆਸੀ ਵਿਵਾਦ ਵੀ ਹੈ। ਪ੍ਰਧਾਨ ਮੰਤਰੀ ਮੇਅ ਦੇ ਕਈ ਮੰਤਰੀਆਂ ਨੇ ਵਿਰੋਧ ਵਿੱਚ ਅਸਤੀਫ਼ਾ ਦੇ ਦਿੱਤਾ ਹੈ। ਇਨ੍ਹਾਂ ਮੰਤਰੀਆਂ ਅਤੇ ਉਨ੍ਹਾਂ ਦੀ ਕੰਜ਼ਰਵੇਟਿਵ ਪਾਰਟੀ ਦੇ ਕੁਝ ਮੈਂਬਰਾਂ ਨਾਲ ਉਨ੍ਹਾਂ ਦੀ ਸਰਕਾਰ ਦਾ ਸਾਥ ਦੇ ਰਹੀ ਉੱਤਰੀ ਆਇਰਲੈਂਡ ਦੀ ਡੈਮੋਕਰੇਟਿਕ ਯੂਨੀਅਨਿਸਟ ਪਾਰਟੀ (ਡੀ ਯੂ ਪੀ) ਨੇ ਵੀ ਸਮਝੌਤੇ ਦੇ ਵਿਰੋਧ ਵਿੱਚ ਵੋਟਿੰਗ ਕਰਨ ਦਾ ਐਲਾਨ ਕੀਤਾ ਹੈ ਅਤੇ ਲੇਬਰ ਪਾਰਟੀ ਸਮੇਤ ਵਿਰੋਧੀ ਪਾਰਟੀਆਂ ਪਹਿਲਾਂ ਹੀ ਬਿੱਲ ਦੇ ਵਿਰੋਧ ’ਚ ਹਨ। ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਇਸ ਸਮਝੌਤੇ ਦਾ ਸਮਰਥਨ ਕਰਨ ਲਈ ਦੇਸ਼ ਵਾਸੀਆਂ ਨੂੰ ਭਾਵੁਕ ਅਪੀਲ ਕਰਨ ਲਈ ਲਿਖੇ ਪੱਤਰ ’ਚ ਕਿਹਾ ਕਿ ਸਮਝੌਤੇ ਨੂੰ ਪਾਰਲੀਮੈਂਟ ’ਚ ਪਾਸ ਕਰਵਾਉਣ ਅਤੇ ਉਸ ਨੂੰ ਸਿਰੇ ਲਾਉਣ ਲਈ ਉਹ ਆਪਣੇ ਦਿਲ ਤੇ ਆਤਮਾ ਤੋਂ ਮੁਹਿੰਮ ਚਲਾਉਂਦੇ ਰਹਿਣਗੇ।

## ਬਾਦਲ ਪਰਿਵਾਰ ਦੇ ਸਮਾਗਮ ਵਿੱਚ ਮੋਦੀ ਤੇ ਮਨਮੋਹਨ ਸਿੰਘ ਦੋਵਾਂ ਨੇ ਹਾਜ਼ਰੀ ਭਰੀ

ਨਵੀਂ ਦਿੱਲੀ, 25 ਨਵੰਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਸਰਕਾਰੀ ਰਿਹਾਇਸ਼ ਵਿਖੇ ਬਾਦਲ ਪਰਿਵਾਰ ਵੱਲੋਂ ਕਰਵਾਏ ਧਾਰਮਿਕ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਹੋਈਆਂ।

ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਗੁਰਬਾਣੀ ਦੇਸ਼ ਦੀਆਂ ਮਹਾਨ ਸੱਭਿਆਚਾਰਕ ਪ੍ਰੰਪਰਾਵਾਂ ਦਾ ਸਰਲ ਤੇ ਬੜੇ ਚੰਗੇ ਤਰੀਕੇ ਨਾਲ ਨਿਚੋੜ ਪੇਸ਼ ਕਰਦੀ ਹੈ, ਜਿਸ ਦਾ ਹਰ ਸ਼ਬਦ ਪ੍ਰੇਰਨਾਮਈ ਹੈ। ਉਨ੍ਹਾਂ ਕਿਹਾ ਕਿ ਬਰਲਿਨ ਦੀ ਕੰਧ ਟੁੱਟਣ ਬਾਰੇ ਕਿਸ ਨੇ ਸੋਚਿਆ ਸੀ, ਇਸੇ ਤਰ੍ਹਾਂ ਕਰਤਾਰਪੁਰ ਲਾਂਘਾ ਗੁਰੂ ਨਾਨਕ ਦੇ ਆਸ਼ੀਰਵਾਦ ਨਾਲ ਦੋ ਦੇਸ਼ਾਂ ਦੇ ਲੋਕਾਂ ਨੂੰ ਜੋੜਨ ਦਾ ਕਾਰਨ ਬਣ ਸਕਦਾ ਹੈ।

# ਸੱਟਾ ਬਾਜ਼ਾਰ ਦੇ ਕਿਆਫੇ: ਮੱਧ ਪ੍ਰਦੇਸ਼ ਤੇ ਰਾਜਸਥਾਨ ਵਿੱਚ ਕਾਂਗਰਸ ਜਿੱਤੇਗੀ, ਛੱਤੀਸਗੜ੍ਹ ਵਿੱਚ ਭਾਜਪਾ

ਜਲੰਧਰ, 25 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਪੰਜ ਰਾਜਾਂ ਵਿਚ ਇਸ ਵਕਤ ਹੋ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਜਦੋਂ ਸਿਆਸੀ ਪਾਰਟੀਆਂ ਦੀ ਸਾਖ ਦਾਅ ਉਤੇ ਲੱਗੀ ਹੋਈ ਹੈ ਅਤੇ ਵੱਖ-ਵੱਖ ਏਜੰਸੀਆਂ ਵੱਖ-ਵੱਖ ਕਿਆਫੇ ਲਾਉਣ ਦੇ ਕੰਮ ਲੱਗੀਆਂ ਹੋਈਆਂ ਹਨ, ਓਦੋਂ ਸੱਟਾ ਬਾਜ਼ਾਰ ਇਸ ਬਾਰੇ ਆਪਣੇ ਸੰਕੇਤ ਦੇਈ ਜਾ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਸੱਟਾ ਬਾਜ਼ਾਰ ਵਿਚ ਸਟੋਰੀਆਂ ਦਾ ਇਹ ਅੰਦਾਜ਼ਾ ਹੈ ਕਿ ਇਸ ਵਾਰੀ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਕਾਂਗਰਸ ਦੀ ਸਰਕਾਰ ਬਣ ਸਕਦੀ ਹੈ, ਪਰ ਛੱਤੀਸਗੜ੍ਹ ਵਿੱਚ ਫਿਰ ਭਾਜਪਾ ਜਿੱਤੇਗੀ। ਸੱਟਾ ਬਾਜ਼ਾਰ ਦੇ ਅੰਦਾਜ਼ੇ ਬੀਤੇ ਸਮੇਂ ਵਿਚ ਕਈ ਵਾਰ ਗਲਤ ਸਾਬਿਤ ਹੁੰਦੇ ਰਹੇ ਹਨ ਕਿਉਂਕਿ ਭਾਰਤੀ ਵੋਟਰਾਂ ਦੀ ਮਾਨਸਿਕ ਹਾਲਤ ਨੂੰ ਸਮਝਣਾ ਸੌਖਾ ਕੰਮ ਨਹੀਂ। ਅੱਜਕੱਲ੍ਹ ਮੱਧ ਪ੍ਰਦੇਸ਼ ਦੇ ਬੁਕੀਜ਼ ਦੀ ਸੋਚ ਹੈ ਕਿ ਓਥੇ ਹਵਾ ਕਾਂਗਰਸ ਦੇ ਹੱਕ ਦੀ ਨਜ਼ਰ ਆ ਰਹੀ ਹੈ। ਕਾਂਗਰਸ ਨੇ ਪਿਛਲੇ ਕੁਝ ਸਮੇਂ ਵਿਚ ਭਾਜਪਾ ਨੂੰ ਉਲਝਾ ਦਿੱਤਾ ਹੈ। ਉਸ ਨੂੰ ਇਸ ਸਮੇਂ ਭਾਜਪਾ ਨਾਲੋਂ ਹਲਕੀ ਜਿਹੀ ਲੀਡ ਮਿਲੀ ਹੋਈ ਹੈ। ਸਟੋਰੀਆਂ ਦੇ ਅੰਦਾਜ਼ੇ ਮੁਤਾਬਕ ਕਾਂਗਰਸ ਨੂੰ ਮੱਧ ਪ੍ਰਦੇਸ਼ ਦੀਆਂ 230 ਸੀਟਾਂ ਵਿਚੋਂ 112 ਤੋਂ 116 ਸੀਟਾਂ ਤੱਕ ਮਿਲ ਸਕਦੀਆਂ ਹਨ। ਇੱਕ ਹੋਰ ਅੰਦਾਜ਼ੇ ਮੁਤਾਬਕ ਕੁਝ ਦੇਰ ਪਹਿਲਾਂ ਲੱਗਦਾ ਸੀ ਕਿ ਭਾਜਪਾ ਮੱਧ ਪ੍ਰਦੇਸ਼ ਵਿਚ 130 ਸੀਟਾਂ ਜਿੱਤ ਜਾਵੇਗੀ, ਪਰ ਪਿਛਲੇ ਕੁਝ ਸਮੇਂ ਤੋਂ ਵੋਟਰਾਂ ਦੀ ਮਾਨਸਿਕ ਹਾਲਤ ਬਦਲ ਰਹੀ ਹੈ।

ਰਾਜਸਥਾਨ ਬਾਰੇ ਸੱਟਾ ਬਾਜ਼ਾਰ ਦੀ ਰਾਏ ਹੈ ਕਿ ਕਾਂਗਰਸ ਨੂੰ ਆਪਣੇ ਦਮ ਉੱਤੇ ਸਿੱਧਾ ਬਹੁਮਤ ਮਿਲ ਜਾਣਾ ਹੈ। ਕਾਂਗਰਸ ਦੇ ਮੁਕਾਬਲੇ ਭਾਜਪਾ ਪੱਛੜ ਚੁੱਕੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕਾਂਗਰਸ ਰਾਜਸਥਾਨ ਦੀਆਂ 118 ਤੋਂ 122 ਸੀਟਾਂ ਆਸਾਨੀ ਨਾਲ ਜਿੱਤ ਲਏਗੀ। ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਬੁਕੀਜ਼ ਵਿਧਾਨ ਸਭਾ ਹਲਕਿਆਂ ਮੁਤਾਬਕ ਹਾਰ-ਜਿੱਤ ਦੇ ਦਾਅਵੇ ਕਰ ਰਹੇ ਹਨ।

ਤੀਸਰੇ ਪ੍ਰਮੁੱਖ ਰਾਜ ਛੱਤੀਸਗੜ੍ਹ ਵਿਖੇ ਪਿਛਲੇ ਵੋਟਾਂ ਮੰਗਲਵਾਰ ਪਈਆਂ ਸਨ, ਉਸ ਰਾਜ ਬਾਰੇ ਸੱਟਾ ਬਾਜ਼ਾਰ ਦੀ ਰਾਏ ਭਾਜਪਾ ਦੇ ਹੱਕ ਵਿਚ ਹੈ। ਬੁਕੀਜ਼ ਦਾ ਮੰਨਣਾ ਹੈ ਕਿ ਛੱਤੀਸਗੜ੍ਹ ਵਿਖੇ ਭਾਜਪਾ 42 ਤੋਂ 43 ਅਤੇ ਕਾਂਗਰਸ 36 ਤੋਂ 37 ਸੀਟਾਂ ਲਵੇਗੀ ਅਤੇ ਓਥੇ ਅਜੀਤ ਜੋਗੀ ਦੀ ਪਾਰਟੀ ਵੀ ਸੱਤ ਸੀਟਾਂ ਲੈ ਜਾਏਗੀ। ਬੁਕੀਜ਼ ਦਾ ਮੰਨਣਾ ਹੈ ਕਿ ਤੇਲੰਗਾਨਾ ਰਾਜ ਵਿਚ ਟੀ ਆਰ ਐਸ ਇਕ ਵਾਰ ਫਿਰ ਸੱਤਾ ਵਿਚ ਆ ਸਕਦੀ ਹੈ, ਪਰ ਕਾਂਗਰਸ ਦੀ ਅਗਵਾਈ ਵਾਲੇ ਗਠਜੋੜ ਨੇ ਪਿਛਲੇ ਕੁਝ ਦਿਨਾਂ ਵਿਚ ਆਪਣੀ ਸਥਿਤੀ ਸੁਧਾਰੀ ਹੈ।

# ਪਸ਼ੂ ਪਾਲਣ ਲਈ ਬੇਜ਼ਮੀਨੇ ਪਰਿਵਾਰਾਂ ਨੂੰ ਸਰਕਾਰ ਮਦਦ ਦੇਵੇਗੀ

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਅਨੁਸੂਚਿਤ ਜਾਤੀ ਦੇ ਪਰਵਾਰਾਂ ਦਾ ਸਮਾਜਕ ਤੇ ਆਰਥਿਕ ਪੱਧਰ ਉਚਾ ਚੁੱਕਣ ਲਈ ਰਾਜ ਸਰਕਾਰ ਬੇਜ਼ਮੀਨੇ ਲੋੜਵੰਦਾਂ ਨੂੰ ਪਸ਼ੂ ਪਾਲਣ ਕਿੱਤਾ ਸ਼ੁਰੂ ਕਰਨ ਦੇ ਲਈ ਵਿੱਤੀ ਮਦਦ ਦੇਵੇਗੀ, ਤਾਂ ਜੁ ਉਹ ਲੋਕ ਆਪਣੇ ਪੈਰਾਂ ਸਿਰ ਖੜੇ ਹੋ ਸਕਣ।

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਪੰਜਾਬ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਇਸ ਰਾਜ ਦੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਆਮਦਨ ਦੇ ਪੱਕੇ ਸਾਧਨ ਹਾਸਲ ਕਰਾਉਣ ਲਈ ਵਿਸ਼ੇਸ਼ ਯਤਨ ਕਰ ਰਹੀ ਹੈ। ਇਸ ਲਈ ਵਿਭਾਗ ਵੱਲੋਂ 1.41 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਪਸ਼ੂ ਪਾਲਣ ਮੰਤਰੀ ਨੇ ਦੱਸਿਆ ਕਿ ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਬਸਰ ਕਰ ਰਹੇ ਐਸ ਸੀ/ ਬੇਜ਼ਮੀਨੇ ਪਰਵਾਰਾਂ ਨੂੰ ਇੱਕ ਕੱਟੀ (ਛੇ ਮਹੀਨੇ ਦੀ ਉਮਰ ਤੱਕ ਦੀ) ਹਾਸਲ ਕਰਵਾਈ ਜਾਵੇਗੀ ਤਾਂ ਜੋ ਲਾਭਪਾਤਰੀ ਉਸ ਦਾ ਪਾਲਣ-ਪੋਸ਼ਣ ਕਰ ਕੇ ਦੁੱਧ ਵੇਚ ਸਕਣ ਅਤੇ ਆਪਣੀ ਪੱਕੀ ਆਮਦਨ ਦਾ ਪ੍ਰਬੰਧ ਕਰ ਸਕਣ। ਇਸ ਲਈ ਵਿਭਾਗ ਵੱਲੋਂ ਲਾਭਪਾਤਰੀ ਦੀ 10,000 ਰੁਪਏ ਮਾਲੀ ਮਦਦ ਕੀਤੀ ਜਾਵੇਗੀ। ਦੁਧਾਰੂ ਪਸ਼ੂਆਂ ਦੇ ਪਾਲਣ-ਪੋਸ਼ਣ ਲਈ ਬੇਜ਼ਮੀਨੇ ਕਿਸਾਨਾਂ ਨੂੰ ਇੱਕ ਹੱਥ ਟੋਕਾ (ਚੈਫ ਕਟਰ) ਵੀ ਦਿੱਤਾ ਜਾਣਾ ਤਾਂ ਜੋ ਲਾਭ ਪਾਤਰੀ ਉਸ ਨੂੰ ਵਰਤ ਕੇ ਦੁਧਾਰੂ ਪਸ਼ੂਆਂ ਦਾ ਪਾਲਣ-ਪੋਸ਼ਣ ਕਰ ਸਕਣ। ਇਸ ਸਕੀਮ ਹੇਠ ਪਸ਼ੂ ਪਾਲਣ ਵਿਭਾਗ ਲਾਭ ਪਾਤਰੀ ਨੂੰ 8000 ਰੁਪਏ ਦੀ ਮਾਲੀ ਮਦਦ ਦਿੱਤੀ ਜਾਵੇਗੀ। ਇਸੇ ਤਰ੍ਹਾਂ ਤਿੰਨ ਮੇਮਣੇ ਖਰੀਦਣ ਲਈ ਲਾਭ ਪਾਤਰੀ ਨੂੰ ਪ੍ਰਤੀ ਮੇਮਣਾ 3333 ਰੁਪਏ ਦਿੱਤੇ ਜਾਣਗੇ।

# ਰਣਜੀਤ ਸਿੰਘ ਕਮਿਸ਼ਨ ਰਿਪੋਰਟ ਹੇਠ ਪੁਲਸ ਵਾਲਿਆਂ ਦੇ ਵਿਰੁੱਧ ਜਾਂਚ ਉੱਤੇ ਰੋਕ ਜਾਰੀ

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਕੱਲ੍ਹ ਹਾਈ ਕੋਰਟ ਨੇ 10 ਦਸੰਬਰ ਤੱਕ ਸੁਣਵਾਈ ਟਾਲ ਦਿੱਤੀ ਹੈ। ਇਸ ਹਾਲਤ ਵਿੱਚ ਪਟੀਸ਼ਨਰ ਪੁਲਸ ਕਰਮਚਾਰੀਆਂ ਬਾਰੇ ਜਾਂਚ 'ਤੇ ਰੋਕ ਤਦ ਤੱਕ ਬਰਕਰਾਰ ਰਹੇਗੀ।

ਮਿਲੀ ਜਾਣਕਾਰੀ ਅਨੁਸਾਰ ਇਸ ਕੇਸ ਵਿੱਚ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਪਟੀਸ਼ਨਰ ਪੱਖ ਨੇ ਕੇਸ ਦੀ ਸੁਣਵਾਈ ਦੀ ਕੋਈ ਹੋਰ ਤਰੀਕ ਤੈਅ ਕਰਨ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਵੱਲੋਂ ਕਿਹਾ ਗਿਆ ਕਿ ਇਸ ਕੇਸ ਵਿੱਚ ਸਰਕਾਰ ਵੱਲੋਂ ਵਿਸ਼ੇਸ਼ ਪੈਰਵੀ ਕਰ ਰਹੇ ਪੀ. ਚਿਦੰਬਰਮ 22 ਨਵੰਬਰ ਨੂੰ ਪੇਸ਼ ਨਹੀਂ ਹੋ ਸਕਦੇ। ਦੂਜੇ ਪਾਸੇ ਬੇਅਦਬੀ ਤੋਂ ਬਾਅਦ ਹੋਏ ਰੋਸ ਪ੍ਰਦਰਸ਼ਨਾਂ ਵਿੱਚ ਮਾਰੇ ਗਏ ਗੁਰਜੀਤ ਸਿੰਘ ਦੇ ਪਿਤਾ ਸਾਧੂ ਸਿੰਘ ਨੇ ਇਸ ਕੇਸ ਵਿੱਚ ਪਾਰਟੀ ਬਣਨ ਦੀ ਮੰਗ ਕਰਦੇ ਹੋਏ ਅਰਜ਼ੀ ਦਾਇਰ ਕੀਤੀ ਹੈ। ਸਾਧੂ ਸਿੰਘ ਦੇ ਵਕੀਲ ਤੇ ਸੀਨੀਅਰ ਐਡਵੋਕੇਟ ਪੀ ਐਸ ਹੁੰਦਲ ਤੋਂ ਕੋਰਟ ਨੇ ਪੁੱਛਿਆ ਕਿ ਮ੍ਰਿਤਕ ਦਾ ਪਰਵਾਰ ਪਾਰਟੀ ਕਿਉਂ ਬਣਨਾ ਚਾਹੁੰਦਾ ਹੈ? ਉਨ੍ਹਾਂ ਕਿਹਾ ਕਿ ਇਹ ਕੇਸ ਮੁਆਵਜ਼ਾ ਮਿਲਣ ਤੱਕ ਦਾ ਹੀ ਨਹੀਂ, ਸਗੋਂ ਪਰਵਾਰ ਚਾਹੁੰਦਾ ਹੈ ਕਿ ਗੋਲੀ ਕਾਂਡ ਵਿੱਚ ਸ਼ਾਮਲ ਪੁਲਸ ਵਾਲਿਆਂ ਉੱਤੇ ਵੀ ਕਾਰਵਾਈ ਹੋਵੇ। ਇਸ 'ਤੇ ਹਾਈ ਕੋਰਟ ਨੇ ਕਿਹਾ ਕਿ ਇਸ ਨੂੰ ਮੁੱਖ ਕੇਸ ਨਾਲ ਅਗਲੀ ਸੁਣਵਾਈ 'ਤੇ ਸੁਣਿਆ ਜਾਵੇਗਾ। ਇਸ ਤੋਂ ਪਹਿਲਾਂ ਮਾਰੇ ਗਏ ਇੱਕ ਹੋਰ ਵਿਅਕਤੀ ਕ੍ਰਿਸ਼ਨ ਭਗਵਾਨ ਸਿੰਘ ਦੇ ਬੇਟੇ ਸੁਖਰਾਜ ਸਿੰਘ ਨੇ ਵੀ ਪਾਰਟੀ ਬਣਨ ਲਈ ਅਰਜ਼ੀ ਦਰਜ ਕੀਤੀ ਸੀ, ਜਿਸ 'ਤੇ ਸੁਣਵਾਈ ਪੈਂਡਿੰਗ ਹੈ।

# ਗੁਰੂ ਨਾਨਕ ਦੇਵ ਥਰਮਲ ਪਲਾਂਟ ਫਿਰ ਚਾਲੂ ਕਰਨ ਦੀ ਤਿਆਰੀ

ਬਠਿੰਡਾ, 25 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਬਠਿੰਡਾ ਵਿਚਲੇ ਟਿੱਬਿਆਂ ਨੂੰ ਹਰੇ-ਭਰੇ ਕਰਨ ਵਾਲੇ ਥਰਮਲ ਪਲਾਂਟ ਦੀਆਂ ਬੰਦ ਚਿਮਨੀਆਂ ਵਿੱਚੋਂ ਫਿਰ ਧੂੰਆਂ ਨਿਕਲਣ ਦੀ ਆਸ ਬੱਝਣ ਲੱਗੀ ਹੈ। ਕਰੀਬ ਇੱਕ ਸਾਲ ਪਹਿਲਾਂ ਪੱਕੇ ਤੌਰ 'ਤੇ ਬੰਦ ਕੀਤੇ ਗੁਰੂ ਨਾਨਕ ਥਰਮਲ ਪਲਾਂਟ ਦੇ ਇੱਕ ਯੂਨਿਟ ਨੂੰ ਕੱਲ੍ਹ ਪਾਵਰਕਾਮ ਦੇ ਬੋਰਡ ਆਫ ਡਾਇਰੈਕਟਰ ਨੇ ਪਰਾਲੀ ਨਾਲ ਚਲਾਉਣ ਦਾ ਸਿਧਾਂਤਕ ਫੈਸਲਾ ਲੈ ਲਿਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਇਸ ਤੋਂ ਪਹਿਲਾਂ ਵੀ ਪਾਵਰਕਾਮ ਦੇ ਪੱਕੇ ਡਾਇਰੈਕਟਰਾਂ ਵੱਲੋਂ ਯੂਨਿਟ ਨੰਬਰ ਚਾਰ ਨੂੰ ਪਰਾਲੀ ਨਾਲ ਚਲਾਉਣ ਦੀ ਸਿਫਾਰਸ਼ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ। ਪਤਾ ਲੱਗਾ ਹੈ ਕਿ ਸਰਕਾਰ ਦੇ ਗੁਪਤ ਸੰਕੇਤ ਤੋਂ ਬਾਅਦ ਪਾਵਰਕਾਮ ਦੇ ਅਧਿਕਾਰੀਆਂ ਨੇ ਇਸ ਪਲਾਂਟ ਨੂੰ ਮੁੜ ਚਲਾਉਣ ਲਈ ਹਲਚਲ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਜੇ ਸਾਰਾ ਕੁਝ ਠੀਕ-ਠਾਕ ਰਹੇ ਤਾਂ ਗੁਰੂ ਨਾਨਕ ਦੇਵ ਜੀ ਦੇ ਅਗਲੇ ਸਾਲ ਵਾਲੇ ਪ੍ਰਕਾਸ਼ ਪੁਰਬ ਤੋਂ ਪਹਿਲਾਂ ਇਹ ਯੂਨਿਟ ਚੱਲ ਪਏਗਾ। ਇਸ ਨਾਲ ਨਾ ਸਿਰਫ ਬਠਿੰਡਾ ਦੀ ਸ਼ਾਨ ਬਣ ਚੁੱਕਾ ਇਹ ਥਰਮਲ ਪਲਾਂਟ ਢਹਿਣ ਤੋਂ ਬਚ ਜਾਏਗਾ ਸਗੋਂ ਕਿਸਾਨਾਂ ਨੂੰ ਵੀ ਆਰਥਿਕ ਹੁਲਾਰਾ ਮਿਲੇਗਾ। ਪਤਾ ਲੱਗਾ ਹੈ ਕਿ 60 ਮੈਗਾਵਾਟ ਦਾ ਪਲਾਂਟ ਚਲਾਉਣ ਲਈ ਸਾਲਾਨਾ ਚਾਰ ਲੱਖ ਟਨ ਤੋਂ ਵੱਧ ਪਰਾਲੀ ਦੀ ਲੋੜ ਪਵੇਗੀ, ਜਿਸ ਦੇ ਨਾਲ ਕਿਸਾਨਾਂ 'ਤੇ ਸਖਤੀ ਘੱਟ ਜਾਵੇਗੀ। ਪਤਾ ਚੱਲਿਆ ਹੈ ਕਿ ਪਲਾਂਟ ਨੂੰ ਪਰਾਲੀ 'ਤੇ ਚਲਾਉਣ ਲਈ ਸਿਰਫ ਇਸ ਦਾ ਬੁਆਇਲਰ ਤਬਦੀਲ ਕਰਨਾ ਪਏਗਾ, ਜਿਸ ਦੇ 150 ਕਰੋੜ ਰੁਪਏ ਦਾ ਖਰਚ ਦਾ ਅੰਦਾਜ਼ਾ ਹੈ, ਬਾਕੀ ਮਸ਼ੀਨਰੀ ਕੰਮ ਆ ਜਾਵੇਗੀ।


ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

“Quality is our strength.”

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre

Specializing in:

- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh Lic. Auto Body Technician/Lic. Mec.

Daljit Singh President

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE 30 Stafford Dr., Brampton. Tel: 905-460-1414

HEAD OFFICE: 905-874-9878 Tol Free: 1-877-799-9878, www.skydomeauto.ca

Paramjit Deol Broker

CELL: 416-993-7378

7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

BRAMPTON $89,000

Photo Not Available


Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.




135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੌਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500



85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900



255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000

Photo Not Available

10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000



1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $541,800



Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900

Photo Not Available

44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999




Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775




Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000



60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000




Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000

Photo Not Available

384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000



Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000



Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999



Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਸ਼੍ਰੋਮਣੀ ਕਮੇਟੀ ਤੇ ਦਮਦਮੀ ਟਕਸਾਲ ਵੱਲੋਂ ਨਨਕਾਣਾ ਸਾਹਿਬ ਲਈ ਛੇਵੇਂ ਤਖਤ ਦੀ ਤਜਵੀਜ਼ ਦਾ ਵਿਰੋਧ



ਅੰਮ੍ਰਿਤਸਰ, 25 ਨਵੰਬਰ (ਪੋਸਟ ਬਿਊਰੋ)- ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਨੂੰ ਛੇਵਾਂ ਤਖਤ ਐਲਾਨੇ ਜਾਣ ਬਾਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਦਿੱਤੇ ਗਏ ਬਿਆਨ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਿੱਧਾ ਵਿਰੋਧ ਕੀਤਾ ਹੈ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਕਰ ਕੇ ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਸਾਥੀਆਂ ਨੇ ਸਿੱਖ ਕੌਮ ਨੂੰ ਇੱਕ ਨਵੇਂ ਵਿਵਾਦ ਵਿੱਚ ਪਾਉਣ ਦਾ ਯਤਨ ਕੀਤਾ ਹੈ।

ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਪਰਮਜੀਤ ਸਿੰਘ ਸ਼ਰਨਾ ਫੋਕੀ ਸ਼ੋਹਰਤ ਲੈਣ ਦੇ ਲਈ ਕੌਮ ਵਿੱਚ ਦੁਬਿਧਾ ਪੈਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸਿੱਖ ਜਗਤ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਕੌਮਾਂਤਰੀ ਪੱਧਰ 'ਤੇ ਮਨਾਉਣ ਦੀ ਤਿਆਰੀ ਕਰ ਰਹੀ ਹੈ ਤਾਂ ਸਰਨਾ ਨੂੰ ਇਹ ਹਰਕਤਾਂ ਨਹੀਂ ਕਰਨੀਆਂ ਚਾਹੀਦੀਆਂ। ਲੌਂਗੋਵਾਲ ਨੇ ਕਿਹਾ ਕਿ ਸਿੱਖੀ ਦੀਆਂ ਮਹਾਨ ਪ੍ਰੰਪਰਾਵਾਂ ਤੇ ਰਵਾਇਤਾਂ ਬਦਲਣ ਦਾ ਕਿਸੇ ਨੂੰ ਹੱਕ ਨਹੀਂ। ਉਨ੍ਹਾ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ ਸਿੱਖ ਕੌਮ ਦੇ ਨਾਲ ਗੁਰੂ ਨਾਨਕ ਨਾਮ ਲੇਵਾ ਹੋਰ ਸੰਗਤਾਂ ਲਈ ਵੀ ਵੱਡੇ ਸਤਿਕਾਰ ਵਾਲਾ ਗੁਰੂ ਅਸਥਾਨ ਹੈ, ਜਿਸ ਦੀ ਇਤਿਹਾਸਕਤਾ, ਮਹਾਨਤਾ, ਪਵਿੱਤਰਤਾ, ਵਿਲੱਖਣਤਾ ਤੇ ਸਤਿਕਾਰ ਸਿਖਰ ਉੱਤੇ ਹੈ। ਸਰਨਾ ਦੀ ਇਸ ਦੁਬਿਧਾ ਪਾਊ ਕਾਰਵਾਈ ਨੂੰ ਸਿੱਖਾਂ ਵਿੱਚ ਵੰਡੀਆਂ ਪਾਉਣ ਵਾਲਾ ਕਰਾਰ ਦੇ ਕੇ ਲੌਂਗੋਵਾਲ ਨੇ ਕਿਹਾ ਕਿ ਇੱਕ ਪਾਸੇ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਸੁਹਿਰਦ ਯਤਨ ਕਰ ਰਹੀਆਂ ਹਨ ਅਤੇ ਦੂਸਰੇ ਪਾਸੇ ਸਰਨਾ ਕੌਮ ਨੂੰ ਇੱਕ ਹੋਰ ਮਸਲੇ ਵਿੱਚ ਉਲਝਾਉਣ ਦੀ ਖੇਡ ਖੇਡ ਰਹੇ ਹਨ।

ਇਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੀ ਪਾਕਿਸਤਾਨ ਵਿਚਲੇ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਸਿੱਖਾਂ ਦਾ ਛੇਵਾਂ ਤਖਤ ਬਣਾਉਣ ਦਾ ਸੁਝਾਅ ਰੱਦ ਕਰ ਦਿੱਤਾ ਅਤੇ ਇਸ ਨੂੰ ਤਖਤ ਸਾਹਿਬਾਨ ਦੀ ਮਹੱਤਤਾ ਘਟਾਉਣ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਪੰਜ ਤਖਤਾਂ ਦੇ ਬਰਾਬਰ ਕਿਸੇ ਹੋਰ ਤਖਤ ਨੂੰ ਖੜ੍ਹਾ ਕਰਨਾ ਤਖਤ ਸਾਹਿਬਾਨ ਦੇ ਰੁਤਬੇ ਨੂੰ ਘਟਾਉਣ ਦੀ ਸਾਜ਼ਿਸ਼ ਹੈ ਤੇ ਇਸ ਨਾਲ ਲੰਬੇ ਸਮੇਂ ਤੋਂ ਚੱਲੀ ਆ ਰਹੀ ਪੰਜ ਪ੍ਰਧਾਨੀ ਪ੍ਰਥਾ ਨੂੰ ਸੱਟ ਵੱਜੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਦੁਬਿਧਾ ਵਧੇਗੀ ਅਤੇ ਨਵਾਂ ਵਿਵਾਦ ਸ਼ੁਰੂ ਹੋ ਸਕਦਾ ਹੈ। ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਇਹ ਪੰਥ ਵਿੱਚ ਭੰਬਲਭੂਸਾ ਪੈਦਾ ਕਰਨ ਅਤੇ ਪੰਥਕ ਸ਼ਕਤੀ ਨੂੰ ਵੰਡਣ ਦੀ ਇੱਕ ਵੱਡੀ ਸਾਜ਼ਿਸ਼ ਹੈ, ਜਿਸ ਬਾਰੇ ਸਮੁੱਚੇ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ।

# ਕਿਸਾਨਾਂ ਤੋਂ ਉਧਾਰ ਲਈ ਕਰੋੜਾਂ ਰੁਪਏ ਦੀ ਰਕਮ ਲੈ ਕੇ ਆੜ੍ਹਤੀ ਫਰਾਰ



ਗੋਨਿਆਣਾ, 25 ਨਵੰਬਰ (ਪੋਸਟ ਬਿਊਰੋ)- ਬਠਿੰਡਾ ਜ਼ਿਲੇ ਦੀ ਗੋਨਿਆਣਾ ਮੰਡੀ ਦੇ ਇੱਕ ਆੜ੍ਹਤੀ ਵੱਲੋਂ ਇਸ ਇਲਾਕੇ ਦੇ ਅੱਧਾ ਦਰਜਨ ਦੇ ਕਰੀਬ ਪਿੰਡਾਂ ਦੇ ਕਿਸਾਨਾਂ ਤੋਂ ਉਧਾਰ ਲਈ ਕਰੋੜਾਂ ਰੁਪਏ ਦੀ ਰਕਮ ਲੈ ਕੇ ਕਿਧਰੇ ਖਿਸਕ ਜਾਣ ਦਾ ਸਮਾਚਾਰ ਮਿਲਣ ਨਾਲ ਹਚਲਚ ਮੱਚ ਗਈ ਹੈ। ਆੜ੍ਹਤੀਏ ਦੀ ਇਸ ਕਾਰਵਾਈ ਸਦਕਾ ਇਲਾਕੇ ਵਿੱਚ ਉਸ ਦਾ ਖੁਰਾ ਖੋਜ ਲੱਭਣ ਲਈ ਠੱਗੇ ਗਏ ਕਿਸਾਨਾਂ ਅਤੇ ਮੰਡੀ ਦੇ ਲੋਕ ਗੁੱਸੇ ਵਿੱਚ ਹਨ। ਇੱਕ ਕਿਸਾਨ ਨੇ ਤਾਂ ਉਸ ਆੜ੍ਹਤੀ ਦਾ ਪਤਾ ਦੱਸਣ ਵਾਲੇ ਨੂੰ ਦਸ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ। ਇਨ੍ਹਾਂ ਕਿਸਾਨਾਂ ਮੁਤਾਬਕ ਕੁਝ ਸਮਾਂ ਪਹਿਲਾਂ ਸ਼ਹਿਰ ਦੇ ਇੱਕ ਆੜ੍ਹਤੀਏ ਨੂੰ ਉਨ੍ਹਾਂ ਨਾਲ ਢਾਈ ਕਰੋੜ ਤੋਂ ਵੱਧ ਰਕਮ ਦੀ ਠੱਗੀ ਮਾਰੀ ਹੈ।

ਇਸ ਬਾਰੇ ਕਿਸਾਨਾਂ ਨੇ ਬਠਿੰਡਾ ਦੇ ਜ਼ਿਲ੍ਹਾ ਪੁਲਸ ਮੁਖੀ ਨਾਨਕ ਸਿੰਘ ਨੂੰ ਦਰਖਾਸਤਾਂ ਦੇ ਕੇ ਜਲਦੀ ਕਾਰਵਾਈ ਦੀ ਮੰਗ ਕੀਤੀ ਹੈ। ਪੀੜਤ ਕਿਸਾਨਾਂ ਨੇ ਵੱਖ-ਵੱਖ ਅਰਜ਼ੀਆਂ ਵਿੱਚ ਕਿਹਾ ਹੈ ਕਿ ਉਨ੍ਹਾਂ ਤੋਂ ਕੁਝ ਸਾਲ ਪਹਿਲਾਂ ਸੰਦੀਪ ਕੁਮਾਰ ਦੀਪੂ, ਆੜ੍ਹਤੀ ਫਰਮ ਬਲਵੰਤ ਸਿੰਘ ਸਰੂਪ ਸਿੰਘ ਪੁੱਤਰ ਪ੍ਰੇਮ ਚੰਦ ਮਿੱਤਲ ਵਾਸੀ ਗੋਨਿਆਣਾ ਮੰਡੀ ਨੇ ਆਪਣੇ ਭਰੋਸੇ ਵਿੱਚ ਲੈ ਕੇ ਇਹ ਰਕਮ ਲਈ। ਕਿਸਾਨਾਂ ਨੇ ਉਸ 'ਤੇ ਵਿਸ਼ਵਾਸ ਕੀਤਾ ਅਤੇ ਗੁਰਮੇਲ ਸਿੰਘ, ਭਗਵਾਨ ਸਿੰਘ ਦੀ ਇੱਕ ਕਰੋੜ 34 ਲੱਖ ਰੁਪਏ, ਵਰਿਆਮ ਸਿੰਘ ਦੇ 35 ਲੱਖ ਰੁਪਏ, ਚਮਕੌਰ ਸਿੰਘ ਦੇ 11 ਲੱਖ ਚਾਲੀ ਹਜ਼ਾਰ ਤੇ ਸਵਰਨ ਸਿੰਘ ਦੇ 16 ਲੱਖ 36 ਹਜ਼ਾਰ ਰੁਪਏ, ਕੁੱਲ ਦੋ ਕਰੋੜ 50 ਲੱਖ ਰੁਪਏ ਦੇ ਕਰੀਬ ਦੀ ਰਕਮ ਅਮਾਨਤ ਦੇ ਤੌਰ ਉੱਤੇ ਉਸ ਕੋਲ ਸੀ। ਸ਼ਿਕਾਇਤ ਕਰਤਿਆਂ ਨੇ ਕਿਹਾ ਕਿ ਸੰਦੀਪ ਕੁਮਾਰ ਨੇ ਆਪਣਾ ਮੋਬਾਈਲ ਨੰਬਰ ਬੰਦ ਕਰ ਲਿਆ ਤੇ ਕੁਝ ਦਿਨਾਂ ਤੋਂ ਉਹ ਪਰਵਾਰ ਸਮੇਤ ਘਰੋਂ ਦੌੜ ਗਿਆ ਹੈ। ਇਸ ਸ਼ਿਕਾਇਤ ਉੱਤੇ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਆਪਣੇ ਪੱਧਰ ਉਤੇ ਜਾਂਚ ਕੀਤੀ ਜਾ ਰਹੀ ਹੈ। ਪਿੰਡ ਗੰਗਾ ਤੇ ਦਾਨ ਸਿੰਘ ਵਾਲਾ ਦੇ ਕਿਸਾਨਾਂ ਦਾ ਕਰੀਬ 19 ਹਜ਼ਾਰ ਝੋਨੇ ਦਾ ਗੱਟਾ ਇੱਕ ਸਰਕਾਰੀ ਏਜੰਸੀ ਰਾਹੀਂ ਵੇਚਿਆ ਗਿਆ ਅਤੇ ਇਸ ਦੀ ਲਗਭਗ ਸਾਰੀ ਅਦਾਇਗੀ ਆੜ੍ਹਤੀ ਦੇ ਕੋਲ ਸੀ, ਜਿਸ ਦੀ ਰਕਮ 1.20 ਕਰੋੜ ਰੁਪਏ ਦੇ ਲਗਭਗ ਬਣਦੀ ਹੈ। ਦੋ ਦਰਜਨ ਦੇ ਕਰੀਬ ਸ਼ਹਿਰ ਵਾਸੀਆਂ ਦੇ ਕਰੀਬ 2.50 ਕਰੋੜ ਰੁਪਏ ਹਨ। ਕੁੱਲ ਪੰਜ ਕਰੋੜ ਰੁਪਏ ਤੋਂ ਉਪਰ ਦੱਸਿਆ ਗਿਆ ਹੈ। ਇੱਕ ਵਿਅਕਤੀ ਨੇ ਲੜਕੀ ਦੇ ਵਿਆਹ ਲਈ ਨੌਂ ਲੱਖ ਰੁਪਏ ਦੇ ਕਰੀਬ ਰੱਖੇ ਸਨ, ਜਿਸ ਨੇ ਕੁਝ ਸਮੇਂ ਲਈ ਉਧਾਰੇ ਦਿੱਤੇ ਸਨ। ਆੜ੍ਹਤੀ ਕੋਲ ਕੰਮ ਕਰਦੇ ਇੱਕ ਮਜ਼ਦੂਰ ਦੀ ਝੋਨੇ ਦੀ ਸਾਰੀ ਮਜ਼ਦੂਰੀ ਕਰੀਬ 2.25 ਲੱਖ ਰੁਪਏ ਵੀ ਉਹ ਲੈ ਗਿਆ ਹੈ।

## ਵਿਕਟੋਰੀਆ ਰਾਜ ਵਿੱਚ ਲੇਬਰ ਪਾਰਟੀ ਬਹੁਮਤ ਨਾਲ ਜੇਤੂ

ਮੈਲਬਰਨ, 25 ਨਵੰਬਰ (ਪੋਸਟ ਬਿਊਰੋ)- ਆਸਟਰੇਲੀਆ ਦੇ ਵਿਕਟੋਰੀਆ ਰਾਜ ਵਿੱਚ ਕੱਲ੍ਹ ਪਈਆਂ ਵੋਟਾਂ ਵਿੱਚ ਇਸ ਵੇਲੇ ਰਾਜ ਕਰਦੀ ਲੇਬਰ ਪਾਰਟੀ ਦੀ ਸਰਕਾਰ ਫਿਰ ਭਾਰੀ ਬਹੁਮਤ ਨਾਲ ਜਿੱਤ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਲੇਬਰ ਪਾਰਟੀ ਨੂੰ 52 ਸੀਟਾਂ ਮਿਲੀਆਂ ਹਨ। ਲਿਬਰਲ ਪਾਰਟੀ 21 ਸੀਟਾਂ 'ਤੇ ਜਿੱਤ ਹਾਸਲ ਕਰ ਗਈ ਹੈ। ਗਰੀਨ ਪਾਰਟੀ ਇੱਕ ਅਤੇ ਦੋ ਹੋਰ ਸੀਟਾਂ ਆਜ਼ਾਦ ਜਿੱਤ ਚੁੱਕੇ ਹਨ। ਵਿਰੋਧੀ ਧਿਰ ਦੇ ਨੇਤਾ ਮੈਥਿਊ ਗਾਏ ਨੇ ਆਪਣੀ ਹਾਰ ਨੂੰ ਸਵੀਕਾਰ ਕਰ ਲਿਆ ਹੈ।

ਲਿਬਰਲ ਪਾਰਟੀ ਨੇ ਭਾਵੇਂ ਇਸ ਵਾਰ ਲੋਕਾਂ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਭਰਮਾਇਆ, ਪਰ ਲੋਕਾਂ ਨੇ ਲੇਬਰ ਪਾਰਟੀ ਦੇ ਕੀਤੇ ਕੰਮਾਂ ਨੂੰ ਨਹੀਂ ਭੁਲਾਇਆ ਅਤੇ ਇਸ ਦੇ ਹੱਕ ਵਿੱਚ ਫਤਵਾ ਦਿੱਤਾ। ਭਾਰਤੀ ਉਮੀਦਵਾਰ ਵੀ ਕਿਸਮਤ ਅਜ਼ਮਾ ਰਹੇ ਸਨ, ਪਰ ਅਜੇ ਤੱਕ ਕਿਸੇ ਦੇ ਕਾਮਯਾਬ ਹੋਣ ਦੀ ਖਬਰ ਨਹੀਂ ਮਿਲੀ। ਜਦੋਂ ਦੇ ਨਤੀਜੇ ਆ ਰਹੇ ਹਨ, ਉਸ ਸਮੇਂ ਤੋਂ ਲੇਬਰ ਪਾਰਟੀ ਦੇ ਸਮਰਥਕਾਂ ਵੱਲੋਂ ਜਸ਼ਨ ਮਨਾਏ ਜਾ ਰਹੇ ਹਨ।

## ਲਿਬਨਾਨ ਵਿੱਚ ਪੰਜਾਬੀ ਨੌਜਵਾਨ ਦਾ ਕਤਲ

ਭਗਤਾ ਭਾਈਕਾ, 25 ਨਵੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਗੁਰੂਸਰ ਦੇ ਇਕ ਨੌਜਵਾਨ ਦਾ ਲਿਬਨਾਨ ਵਿੱਚ ਭੇਤਭਰੀ ਹਾਲਤ ਵਿੱਚ ਕਤਲ ਹੋਣ ਦੀ ਖਬਰ ਕੱਲ੍ਹ ਮਿਲੀ ਹੈ।

ਮ੍ਰਿਤਕ ਨੌਜਵਾਨ ਦੇ ਪਿਤਾ ਸੁਲੱਖਣ ਸਿੰਘ ਵਾਸੀ ਗੁਰੂਸਰ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਕੁਲਦੀਪ ਸਿੰਘ (32) ਕਰੀਬ ਪੰਜ-ਛੇ ਮਹੀਨੇ ਪਹਿਲਾਂ ਲਿਬਨਾਨ ਗਿਆ ਸੀ। ਓਥੇ ਕੁਲਦੀਪ ਸਿੰਘ ਮਜ਼ਦੂਰ ਦਾ ਕੰਮ ਕਰਦਾ ਸੀ। ਮੱਖਣ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਕੁਝ ਵਿਅਕਤੀਆਂ ਨੇ ਕੁਲਦੀਪ ਸਿੰਘ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ ਤਾਂ ਉਸ ਨੂੰ ਜ਼ਖਮੀ ਹਾਲਤ ਵਿੱਚ ਓਥੇ ਹਸਪਤਾਲ ਭਰਤੀ ਕਰਾਇਆ ਗਿਆ ਸੀ, ਪਰ ਉਸ ਦੀ ਮੌਤ ਹੋ ਗਈ। ਉਸ ਦੇ ਪਿਤਾ ਅਤੇ ਉਸ ਦੇ ਪਰਵਾਰ ਨੇ ਕੁਲਦੀਪ ਸਿੰਘ ਦੇ ਕਾਤਲਾਂ ਦੀ ਪਛਾਣ ਕਰ ਕੇ ਸਖਤ ਕਾਰਵਾਈ ਦੀ ਅਪੀਲ ਕੀਤੀ ਹੈ।

ਪੀੜਤ ਪਰਵਾਰ ਨੇ ਵੱਖ-ਵੱਖ ਰਾਜਸੀ ਆਗੂਆਂ ਨਾਲ ਸੰਪਰਕ ਕਰ ਕੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਸੁਸ਼ਮਾ ਸਵਰਾਜ ਅਤੇ ਉੱਤਰ ਪ੍ਰਦੇਸ਼ ਸਰਕਾਰ ਦੇ ਸਾਬਕਾ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੂੰ ਕੁਲਦੀਪ ਦੀ ਲਾਸ਼ ਲਿਆਉਣ ਦੀ ਅਪੀਲ ਕੀਤੀ ਹੈ। ਕੁਲਦੀਪ ਸਿੰਘ ਦਾ ਕਰੀਬ ਸੱਤ ਸਾਲ ਪਹਿਲਾਂ ਵੀਰਪਾਲ ਕੌਰ ਪੁੱਤਰੀ ਸੁਰਜੀਤ ਸਿੰਘ ਵਾਸੀ ਕੋਇਰ ਸਿੰਘ ਵਾਲਾ ਨਾਲ ਵਿਆਹ ਹੋਇਆ ਸੀ। ਮ੍ਰਿਤਕ ਦੇ ਪਿੱਛੇ ਮਾਪਿਆਂ ਤੋਂ ਇਲਾਵਾ ਪਤਨੀ ਤੇ ਇੱਕ ਮਾਸੂਮ ਪੁੱਤਰ ਹਨ।

## ਬ੍ਰਿਟੇਨ ਨੂੰ ਦਹਿਸ਼ਤਗਰਦ ਗਰੁੱਪਾਂ ਨਾਲੋਂ ਰੂਸ ਤੋਂ ਵੱਧ ਖਤਰਾ

ਲੰਡਨ, 25 ਨਵੰਬਰ (ਪੋਸਟ ਬਿਊਰੋ)- ਇਸਲਾਮਕ ਸਟੇਟ ਅਤੇ ਅਲ ਕਾਇਦਾ ਵਰਗੇ ਦਹਿਸ਼ਤਗਰਦ ਟੋਲਿਆਂ ਦੀ ਥਾਂ ਬ੍ਰਿਟੇਨ ਨੂੰ ਰੂਸ ਤੋਂ ਵੱਧ ਖਤਰਾ ਹੈ। ਇਹ ਗੱਲ ਕੱਲ੍ਹ ਬ੍ਰਿਟਿਸ਼ ਦੇ ਫੌਜ ਮੁਖੀ ਨੇ ਇੰਟਰਵਿਊ ਵਿੱਚ ਕਹੀ ਹੈ।

ਜਨਰਲ ਮਾਰਕ ਕਾਰਲਟਨ ਸਮਿਥ ਨੇ ਚਿਤਾਵਨੀ ਦਿੱਤੀ ਕਿ ਮਾਸਕੋ ਨੇ ਆਪਣੇ ਕੌਮੀ ਹਿੱਤਾਂ ਦੇ ਹੱਕ ਵਿੱਚ ਡਟਣ ਲਈ ਫੌਜ ਦੀ ਵਰਤੋਂ ਦੀ ਇੱਛਾ ਜਤਾਈ ਹੈ। ਉਨ੍ਹਾਂ ਦਿ ਡੇਲੀ ਟੈਲੀਗ੍ਰਾਫ ਨੂੰ ਦੱਸਿਆ ਕਿ ਰੂਸ ਨੇ ਖਾਸ ਕਰ ਕੇ ਸਾਈਬਰ, ਪੁਲਾੜ ਤੇ ਸਮੁੰਦਰ ਹੇਠਾਂ ਜੰਗ ਵਰਗੇ ਕੁਝ ਗੈਰ ਰਵਾਇਤੀ ਖੇਤਰਾਂ ਵਿੱਚ ਖੋਜ ਲਈ ਤਰਤੀਬਵਾਰ ਕੋਸ਼ਿਸ਼ਾਂ ਅਤੇ ਪੱਛਮੀ ਅਤਿ ਸੰਵੇਦਨਸ਼ੀਲਤਾ ਦੇ ਸੋਸ਼ਣ ਦੀ ਸ਼ੁਰੂਆਤ ਕੀਤੀ ਹੈ। ਵਰਨਣ ਯੋਗ ਹੈ ਕਿ ਇਸ ਸਾਲ ਰੂਸ ਅਤੇ ਬ੍ਰਿਟੇਨ ਵਿਚਾਲੇ ਸੰਬੰਧਾਂ ਵਿੱਚ ਇਤਿਹਾਸਕ ਨਿਘਾਰ ਆਇਆ ਹੈ। ਬ੍ਰਿਟੇਨ ਨੇ ਰੂਸ ਦੇ ਸਾਬਕਾ ਜਾਸੂਸ ਸਰਗੇਈ ਸਕ੍ਰਿਪਾਲ ਤੇ ਉਸ ਦੀ ਧੀ ਯੂਲੀਆ ਨੂੰ ਮਾਰਚ ਵਿੱਚ ਸੈਲਿਸਬਰੀ ਦੇ ਸ਼ਹਿਰ ਵਿੱਚ ਜ਼ਹਿਰ ਦਿੱਤੇ ਜਾਣ ਲਈ ਰੂਸ ਦੀ ਫੌਜੀ ਇੰਟੈਲੀਜੈਂਸ ਸੇਵਾ ਨੂੰ ਦੋਸ਼ੀ ਕਿਹਾ ਹੈ। ਇਸ ਘਟਨਾ ਪਿੱਛੋਂ ਮਾਸਕੋ ਅਤੇ ਪੱਛਮੀ ਦੇਸ਼ਾਂ ਵਿਚਾਲੇ ਜੈਸੇ ਕੋ ਤੈਸਾ ਕੂਟਨੀਤਕ ਬੇਦਖਲੀ ਦੀ ਲਹਿਰ ਚੱਲ ਪਈ ਸੀ। ਕਾਰਲਟਨ ਸਮਿਥ (54) ਨੇ ਕਿਹਾ ਕਿ ਸੀਰੀਆ ਅਤੇ ਇਰਾਕ ਵਿੱਚ ਇਸਲਾਮਕ ਸਟੇਟ ਨੂੰ ਹਾਰ ਹੋ ਗਈ ਹੈ, ਪੱਛਮੀ ਗਠਜੋੜ ਨੂੰ ਇਸ ਵੇਲੇ ਰੂਸੀ ਚਿਤਾਵਨੀ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਅਤੇ ਇਹ ਨਾਟੋ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਅਜਿਹੀ ਕਿਸੇ ਪਹਿਲ ਦਾ ਸਮਰਥਨ ਨਹੀਂ ਕਰਦੇ, ਜਿਸ ਨਾਲ ਨਾਟੋ ਫੌਜ ਦੀ ਤਾਕਤ ਕਮਜ਼ੋਰ ਪੈਂਦੀ ਹੋਵੇ, ਨਾਟੋ ਯੂਰਪੀਨ ਸੁਰੱਖਿਆ ਦੀ ਜ਼ਾਮਨੀ ਦਿੰਦਾ ਹੈ।

## ਬ੍ਰਾਜ਼ੀਲ ਦੇ ਦੋ ਸਾਬਕਾ ਰਾਸ਼ਟਰਪਤੀਆਂ ਉਤੇ ਭ੍ਰਿਸ਼ਟਾਚਾਰ ਦਾ ਕੇਸ



ਲੁਈ ਇਨਸਾਈਓ ਲੂਲਾ ਡਾਸਿਲਵਾ



ਡਿਲਮਾ ਰੂਸੇਫ

ਬਰਾਜ਼ੀਲੀਆ, 25 ਨਵੰਬਰ (ਪੋਸਟ ਬਿਊਰੋ)- ਬ੍ਰਾਜ਼ੀਲ ਦੇ ਦੋ ਸਾਬਕਾ ਰਾਸ਼ਟਰਪਤੀ ਲੁਈ ਇਨਸਾਈਓ ਲੂਲਾ ਡਾਸਿਲਵਾ ਅਤੇ ਡਿਲਮਾ ਰੂਸੇਫ 'ਤੇ ਭ੍ਰਿਸ਼ਟਾਚਾਰ ਦਾ ਕੇਸ ਸ਼ੁਰੂ ਹੋ ਗਿਆ ਹੈ। ਦੋਵਾਂ 'ਤੇ ਸਰਕਾਰੀ ਤੇਲ ਕੰਪਨੀ ਪੈਟ੍ਰੋਬ੍ਰਾਸ ਦੇ ਰਾਹੀਂ ਰਿਸ਼ਵਤ ਲੈਣ ਦਾ ਦੋਸ਼ ਹੈ। ਦੋਵਾਂ ਦੀ ਪਾਰਟੀ 'ਵਰਕਰਜ਼ ਪਾਰਟੀ' ਦੇ ਪ੍ਰਧਾਨ ਅਤੇ ਹੋਰ ਨੇਤਾਵਾਂ 'ਤੇ ਵੀ ਇਸ ਕੇਸ ਵਿੱਚ ਦੋਸ਼ ਲੱਗੇ ਹਨ। ਪਾਰਟੀ ਨੇ ਇਨ੍ਹਾਂ ਮਾਮਲਿਆਂ ਨੂੰ ਪੱਖਪਾਤੀ ਅਤੇ ਘਿਨਾਉਣੀ ਚਾਲ ਦੱਸਿਆ ਹੈ।

ਵਰਨਣ ਯੋਗ ਹੈ ਕਿ ਦੋਵਾਂ ਸਾਬਕਾ ਰਾਸ਼ਟਰਪਤੀਆਂ ਦੇ ਖਿਲਾਫ ਅਟਾਰਨੀ ਜਨਰਲ ਰੋਡਰਿਗੋ ਜੈਨੋਟ ਨੇ ਬੀਤੇ ਸਾਲ ਸ਼ਿਕਾਇਤ ਕੀਤੀ ਸੀ। ਉਨ੍ਹਾਂ ਦਾ ਦੋਸ਼ ਸੀ ਕਿ ਦੋਵਾਂ ਨੇ ਸਰਕਾਰੀ ਤੇਲ ਕੰਪਨੀ ਵੱਲੋਂ 39 ਕਰੋੜ ਡਾਲਰ ਰਿਸ਼ਵਤ ਲਈ ਸੀ। ਫੈਡਰਲ ਅਦਾਲਤ ਨੇ ਪਿਛਲੇ ਸ਼ੁੱਕਰਵਾਰ ਨੂੰ ਉਨ੍ਹਾਂ ਦੀ ਸ਼ਿਕਾਇਤ ਮਨਜ਼ੂਰ ਕਰ ਕੇ ਕੇਸ ਚਲਾਉਣ ਦਾ ਹੁਕਮ ਦਿੱਤਾ ਸੀ। ਦੋਸ਼ੀਆਂ ਨੂੰ 15 ਦਿਨਾਂ ਵਿੱਚ ਆਪਣੀ ਸਫਾਈ ਦੇਣੀ ਹੈ। 2011 ਤੋਂ 2016 ਤੱਕ ਦੇਸ਼ ਦੀ ਰਾਸ਼ਟਰਪਤੀ ਰਹੀ ਰੂਸੇਫ ਉੱਤੇ ਪਹਿਲੀ ਵਾਰ ਅਪਰਾਧਕ ਕੇਸ ਦਰਜ ਹੋਇਆ ਹੈ। ਸਰਕਾਰੀ ਖਾਤਿਆਂ ਵਿੱਚ ਹੇਰਾਫੇਰੀ ਦੇ ਕਾਰਨ 2016 'ਚ ਉਨ੍ਹਾਂ 'ਤੇ ਮਹਾਦੋਸ਼ ਚਲਾ ਕੇ ਅਹੁਦੇ ਤੋਂ ਹਟਾਇਆ ਗਿਆ ਸੀ। ਦੂਜੇ ਪਾਸੇ ਸਾਲ 2003-10 ਤੱਕ ਰਾਸ਼ਟਰਪਤੀ ਰਹੇ ਸਿਲਵਾ ਰਿਸ਼ਵਤ ਦੇ ਤੌਰ 'ਤੇ ਅਪਾਰਟਮੈਂਟ ਲੈਣ ਦੇ ਕਾਰਨ 12 ਸਾਲ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ। ਉਨ੍ਹਾਂ 'ਤੇ ਤਿੰਨ ਹੋਰ ਮੁਕੱਦਮੇ ਵੀ ਚੱਲ ਰਹੇ ਹਨ। ਉਹ ਇਨ੍ਹਾਂ ਦੋਸ਼ਾਂ ਨੂੰ ਆਪਣੇ ਖਿਲਾਫ ਸਿਆਸੀ ਸਾਜ਼ਿਸ਼ ਦੱਸਦੇ ਹਨ।

## ਸ਼ਾਮ ਨੂੰ ਬੇਫਿਕਰੀ ਨਾਲ ਖਾਓ ਸਨੈਕਸ

ਲੰਡਨ, 25 ਨਵੰਬਰ (ਪੋਸਟ ਬਿਊਰੋ)- ਕਈ ਲੋਕ ਸ਼ਾਮ ਨੂੰ ਆਫਿਸ ਤੋਂ ਵਾਪਸ ਆਉਂਦੇ ਹੀ ਸਭ ਤੋਂ ਪਹਿਲਾਂ ਕੁਝ ਖਾਣ ਨੂੰ ਲੱਭਦੇ ਹਨ। ਇਸ ਵਿੱਚ ਚਿੰਤਾ ਦਾ ਕੋਈ ਗੱਲ ਨਹੀਂ, ਉਹ ਬੇਫਿਕਰੀ ਨਾਲ ਸ਼ਾਮ ਦੇ ਸਨੈਕਸ ਦਾ ਆਨੰਦ ਮਾਣ ਸਕਦੇ ਹਨ। ਇੱਕ ਅਧਿਐਨ ਮੁਤਾਬਕ ਸ਼ਾਮ ਦੇ ਸਮੇਂ ਸਾਡਾ ਸਰੀਰ ਸਭ ਤੋਂ ਜ਼ਿਆਦਾ ਕੈਲੋਰੀ ਬਰਨ ਕਰਦਾ ਹੈ।

ਵਿਗਿਆਨੀਆਂ ਦੇ ਮੁਤਾਬਕ ਦੁਪਹਿਰ ਬਾਅਦ ਅਤੇ ਸ਼ਾਮ ਦੀ ਸ਼ੁਰੂਆਤ ਦਾ ਸਮਾਂ ਅਜਿਹਾ ਹੁੰਦਾ ਹੈ, ਜਦੋਂ ਸਾਡੀ ਮੈਟਾਬਾਲਿਕ ਦਰ ਸਭ ਤੋਂ ਜ਼ਿਆਦਾ ਹੁੰਦਾ ਹੈ। ਇਸ ਸਮੇਂ 'ਚ ਅਸੀਂ ਘੰਟੇ ਵਿੱਚ ਪੰਜ ਕੈਲੋਰੀ ਬਰਨ ਕਰਦੇ ਹਾਂ। ਅਮਰੀਕਾ ਦੇ 'ਬ੍ਰਿਗਮ ਐਂਡ ਵੂਮੈਨ ਹਸਪਤਾਲ' ਦੇ ਖੋਜਕਾਰਾਂ ਨੇ 37 ਦਿਨ ਤੱਕ 10 ਲੋਕਾਂ ਨੂੰ ਲੈਬ ਵਿੱਚ ਰੱਖਿਆ। ਇਸ ਨਾਲ ਉਨ੍ਹਾਂ ਦੀ ਨੀਂਦ ਦਾ ਸਮਾਂ ਲਗਭਗ ਚਾਰ ਘੰਟੇ ਸ਼ਿਫਟ ਕਰ ਦਿੱਤਾ ਗਿਆ ਤੇ ਲੈਬ ਵਿੱਚ ਕੋਈ ਘੜੀ ਵੀ ਨਹੀਂ ਰੱਖੀ ਗਈ। ਇਸ ਖੋਜ ਵਿੱਚ ਉਨ੍ਹਾਂ ਨੇ ਪਤਾ ਲਾਇਆ ਕਿ ਲੋਕ ਕਦੋਂ ਸਭ ਤੋਂ ਵੱਧ ਕੈਲੋਰੀ ਬਰਨ ਕਰਦੇ ਹਨ। ਖੋਜ ਮੁਤਾਬਕ ਇਸ ਦਾ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਵਿਅਕਤੀ ਕਦੋਂ ਸੌਂਦਾ ਅਤੇ ਕਦੋਂ ਖਾਂਦਾ ਹੈ। ਜਦੋਂ ਉਸ ਦੀ ਜੈਵਿਕ ਘੜੀ ਦੇਰ ਦੁਪਹਿਰ ਜਾਂ ਸ਼ਾਮ ਦਾ ਸਮਾਂ ਦੱਸਦੀ ਹੈ ਤਾਂ ਉਹ ਸਭ ਤੋਂ ਵੱਧ ਕੈਲੋਰੀ ਬਰਨ ਕਰਦੇ ਹਨ। ਇਹ ਵੀ ਦੇਖਿਆ ਗਿਆ ਕਿ ਜ਼ਿਆਦਾਤਰ ਲੋਕਾਂ ਦੀ ਜੈਵਿਕ ਘੜੀ ਦੀ ਸ਼ਾਮ ਅਤੇ ਆਮ ਘੜੀ ਦੀ ਸ਼ਾਮ ਦਾ ਸਮਾਂ ਲਗਭਗ ਬਰਾਬਰ ਹੀ ਸੀ।

## 'ਭਾਜੀ ਗੱਡੀ ਦਾ ਤੇਲ ਨਿਕਲਦਾ' ਕਹਿ ਕੇ ਥਾਣੇਦਾਰ ਦਾ ਪਿਸਤੌਲ ਤੇ ਬੈਗ ਠੱਗ ਲੈ ਗਏ



ਜਲੰਧਰ, 25 ਨਵੰਬਰ (ਪੋਸਟ ਬਿਊਰੋ)- ਸਿਟੀ ਰੇਲਵੇ ਸਟੇਸ਼ਨ ਕੋਲ ਪੰਜਾਬ ਪੁਲਸ ਦੇ ਇੱਕ ਕਾਰ ਸਵਾਰ ਥਾਣੇਦਾਰ ਤੋਂ ਇੱਕ ਗਰੋਹ ਫਿਲਮੀ ਸਟਾਈਲ 'ਚ ਦਿਨ ਦਿਹਾੜੇ ਚੌਕ 'ਚ ਪਿਸਤੌਲ ਤੇ 12 ਕਾਰਤੂਸ ਤੇ ਤਿੰਨ ਮੋਬਾਈਲ ਸਮੇਤ ਬੈਗ ਚੋਰੀ ਕਰ ਕੇ ਲੈ ਗਿਆ। ਗਿਰੋਹ ਨੇ ਇਸ ਵਾਰਦਾਤ ਲਈ ਇੱਕ ਬੱਚੇ ਨੂੰ ਵੀ ਵਰਤਿਆ ਹੈ।

ਥਾਣਾ ਨੰਬਰ ਤਿੰਨ ਦੀ ਪੁਲਸ ਨੇ ਇਸ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਗੋਇੰਦਵਾਲ ਦੇ ਰਹਿਣ ਵਾਲੇ ਅਤੇ ਲੁਧਿਆਣਾ ਵਿੱਚ ਜੀ ਆਰ ਪੀ ਥਾਣੇ ਵਿੱਚ ਲੱਗੇ ਏ ਐੱਸ ਆਈ ਕਸ਼ਮੀਰ ਸਿੰਘ ਨੇ ਦੱਸਿਆ ਕਿ ਉਹ ਆਪਣੀ ਡਿਊਟੀ ਖਤਮ ਕਰ ਕੇ ਲੁਧਿਆਣੇ ਤੋਂ ਰੇਲ ਗੱਡੀ ਰਾਹੀਂ ਜਲੰਧਰ ਸਿਟੀ ਰੇਲਵੇ ਸਟੇਸ਼ਨ ਪੁੱਜਾ ਤੇ ਪਾਰਕਿੰਗ 'ਚੋਂ ਆਪਣੀ ਕਾਰ ਵਿੱਚ ਸਵਾਰ ਹੋ ਕੇ ਉਹ ਆਪਣੇ ਪਿੰਡ ਜਾ ਰਿਹਾ ਸੀ। ਕਾਰ 'ਚ ਉਸ ਨੇ ਆਪਣਾ ਬੈਗ ਰੱਖਿਆ ਸੀ, ਜਿਸ ਵਿੱਚ ਉਸ ਦਾ ਪਿਸਤੌਲ, 12 ਕਾਰਤੂਸ ਤੇ ਤਿੰਨ ਮੋਬਾਈਲ ਵੀ ਸਨ। ਉਹ ਸਟੇਸ਼ਨ ਦੀ ਪਾਰਕਿੰਗ 'ਚੋਂ ਨਿਕਲਿਆ ਤਾਂ ਦੂਜੇ ਪਾਸਿਓਂ ਆਏ ਇੱਕ ਐਕਟਿਵਾ ਸਵਾਰ ਨੇ ਉਸ ਨੂੰ ਆਵਾਜ਼ ਦੇ ਕੇ ਕਿਹਾ, 'ਭਾਜੀ ਤੁਹਾਡੀ ਗੱਡੀ 'ਚੋਂ ਤੇਲ ਨਿਕਲ ਰਿਹਾ ਹੈ।' ਜਦੋਂ ਉਹ ਦਰਵਾਜ਼ਾ ਖੋਲ੍ਹ ਕੇ ਤੇਲ ਚੈੱਕ ਕਰਨ ਲਈ ਕਾਰ 'ਚੋਂ ਉਤਰਿਆ ਤਾਂ ਦੇਖਿਆ ਕਿ ਤੇਲ੍ਹ ਡੁੱਲ੍ਹਿਆ ਹੋਇਆ ਸੀ। ਉਨ੍ਹਾਂ ਨੇ ਆਪਣੀ ਕਾਰ ਦਾ ਬੋਨਟ ਖੋਲ੍ਹਿਆ ਤਾਂ ਇਸ ਦੌਰਾਨ ਸੜਕ 'ਤੇ ਜਾਂਦੇ ਇੱਕ ਰਾਹਗੀਰ ਨੇ ਚੀਕ ਕੇ ਉਸ ਨੂੰ ਕਿਹਾ ਕਿ ਭਾਈ ਸਾਹਿਬ, ਬੱਚੇ ਕਾਰ 'ਚੋਂ ਬੈਗ ਕੱਢ ਕੇ ਭੱਜ ਰਹੇ ਹਨ। ਇਸ ਦੌਰਾਨ ਭੀੜ ਵਿੱਚ ਐਕਟਿਵਾ ਸਵਾਰ ਵੀ ਗਾਇਬ ਹੋ ਗਿਆ।

## ਨਸ਼ੇ ਵਿੱਚ ਟੱਲੀ ਹੋ ਕੇ ਜਹਾਜ਼ ਵਿੱਚ ਭੜਥੂ ਪਾਉਂਦੀ ਭਾਰਤੀ ਔਰਤ ਨੂੰ ਬ੍ਰਿਟੇਨ ਵਿੱਚ ਜੇਲ



ਲੰਡਨ, 23 ਨਵੰਬਰ, (ਪੋਸਟ ਬਿਊਰੋ)- ਭਾਰਤੀ ਮੂਲ ਦੀ ਇਕ ਔਰਤ ਵੱਲੋਂ ਸ਼ਰਾਬ ਪੀ ਕੇ ਜਹਾਜ਼ ਵਿਚ ਭੜਥੂ ਪਾਉਣ ਦੇ ਕਾਰਨ ਤੰਗ ਆਏ ਕਰੂਅ ਮੈਂਬਰਾਂ ਨੇ ਉਸ ਦੇ ਖਿਲਾਫ ਸ਼ਿਕਾਇਤ ਕੀਤੀ ਤਾਂ ਉਸ ਨੂੰ ਅਦਾਲਤ ਨੇ 6 ਮਹੀਨੇ ਜੇਲ ਦੀ ਸਜ਼ਾ ਸੁਣਾਈ ਹੈ। ਉਸ ਦੇ ਇਸ ਵਿਹਾਰ ਕਾਰਨ ਜਹਾਜ਼ ਦੇ ਇਕ ਮੁਸਾਫਰ ਨੂੰ ਮਿਰਗੀ ਦਾ ਦੌਰਾ ਵੀ ਪੈ ਗਿਆ ਸੀ। ਇਸ ਭਾਰਤੀ ਮੂਲ ਦੀ ਔਰਤ ਦੀ ਪਛਾਣ ਕਿਰਨ ਜਗਦੇਵ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਕਿਰਨ ਨੇ ਇਸ ਸਾਲ ਜਨਵਰੀ ਵਿਚ ਸਪੇਨ ਦੇ ਟੇਨੇਰਿਫੇ ਤੋਂ ਬ੍ਰਿਟੇਨ ਵਾਪਸੀ ਦੌਰਾਨ ਜਹਾਜ਼ ਵਿਚ ਸ਼ਰਾਬ ਦੀ ਵਰਤੋਂ ਦੇ ਲਈ ਜੈਟ ਏਅਰਲਾਈਨ ਉਤੇ ਦੋਸ਼ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਜੱਜ ਫਿਲਿਪ ਹੈਡ ਨੇ ਸੁਣਵਾਈ ਦੌਰਾਨ ਉਨ੍ਹਾਂ ਦੀ ਦਲੀਲ ਰੱਦ ਕਰ ਕੇ ਉਸ ਨੂੰ 6 ਮਹੀਨੇ ਜੇਲ ਦੀ ਸਜ਼ਾ ਸੁਣਾ ਦਿੱਤੀ। ਅਦਾਲਤ ਨੂੰ ਦੱਸਿਆ ਗਿਆ ਕਿ ਜਹਾਜ਼ ਤੋਂ ਉਤਰਨ ਵਿੱਚ ਮੁਸ਼ਕਲ ਹੋਣ ਤੋਂ ਬਾਅਦ ਕਿਰਨ ਚੀਕਾਂ ਮਾਰਨ ਲੱਗੀ ਅਤੇ ਆਖਣ ਲੱਗੀ ਕਿ ਅਸੀਂ ਸਾਰੇ ਮਰਨ ਜਾ ਰਹੇ ਹਾਂ। ਇਸ ਨਾਲ ਜਹਾਜ਼ ਦੇ ਸਵਾਰ ਹੋਰ ਮੁਸਾਫਰ ਵੀ ਪ੍ਰੇਸ਼ਾਨ ਹੋ ਗਏ। ਸਰਕਾਰੀ ਧਿਰ ਦੇ ਮੁਤਾਬਕ ਕਿਰਨ ਜਹਾਜ਼ ਵਿਚ ਸਵਾਰ ਹੋਣ ਤੋਂ ਪਹਿਲਾਂ 6 ਤੋਂ 8 ਬੀਅਰ ਪੀ ਚੁੱਕੀ ਸੀ। ਚਾਰ ਘੰਟੇ ਉਡਾਣ ਵਿੱਚ ਉਹ ਜਹਾਜ਼ ਵਿਚ ਚਾਰ ਤੋਂ 6 ਗਿਲਾਸ ਵਾਈਨ ਪੀ ਚੁੱਕੀ ਸੀ। ਜਹਾਜ਼ ਵਿਚ ਹੋਰ ਸ਼ਰਾਬ ਦੇਣ ਤੋਂ ਮਨਾਂ ਕਰਨ ਉੱਤੇ ਉਸ ਨੇ ਆਪਣੇ ਕੋਲੋਂ ਸ਼ਰਾਬ ਪੀਤੀ ਤੇ ਬਦਤਮੀਜ਼ੀਆਂ ਕੀਤੀਆਂ। ਉਸ ਨੂੰ ਜਹਾਜ਼ ਤੋਂ ਉਤਰਨ ਪਿੱਛੋਂ ਹਵਾਈ ਅੱਡੇ ਤੋਂ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਫਿਰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ।

## ਕਰਤਾਰਪੁਰ ਲਾਂਘਾ ਮੰਗ ਰਹੇ ਵਡਾਲਾ ਨੂੰ ਬਾਦਲ ਨੇ ਕਮਰੇ ਵਿੱਚ ਬੰਦ ਕਰਾਇਆ ਸੀ



ਜਲੰਧਰ, 25 ਨਵੰਬਰ (ਪੋਸਟ ਬਿਊਰੋ)- ਕਰਤਾਰਪੁਰ ਦਾ ਲਾਂਘਾ ਲੈਣ ਲਈ ਗੁਰਦੁਆਰਾ ਕਰਤਾਰਪੁਰ (ਰਾਵੀ) ਦਰਸ਼ਨ ਅਭਿਲਾਸ਼ੀ ਸੰਸਥਾ ਦੇ ਝੰਡੇ ਥੱਲੇ ਸੰਘਰਸ਼ ਕਰ ਰਹੇ ਟਕਸਾਲੀ ਆਗੂ ਮਰਹੂਮ ਕੁਲਦੀਪ ਸਿੰਘ ਵਡਾਲਾ ਨੂੰ 2008 ਵਿੱਚ ਉਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੁਦ ਬੁਲਾ ਕੇ ਓਦੋਂ ਕਮਰੇ ਵਿੱਚ ਬੰਦ ਕਰਵਾ ਦਿੱਤਾ ਸੀ, ਜਦੋਂ ਉਸ ਵਕਤ ਦੇ ਵਿਦੇਸ਼ ਮੰਤਰੀ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਸੰਬੰਧ ਵਿੱਚ ਡੇਰਾ ਬਾਬਾ ਨਾਨਕ ਸਰਹੱਦ ਉੱਤੇ ਮੌਕਾ ਦੇਖਣ ਆਏ ਸਨ ਅਤੇ ਕੁਲਦੀਪ ਸਿੰਘ ਵਡਾਲਾ ਮੰਗ ਪੱਤਰ ਦੇਣ ਵਾਲੇ ਸਨ।

ਇਹ ਪ੍ਰਗਟਾਵਾ ਕੁਲਦੀਪ ਸਿੰਘ ਵਡਾਲਾ ਵੱਲੋਂ ਬਣਾਈ ਉਸ ਸੰਸਥਾ ਦੀ 21 ਮੈਂਬਰੀ ਕਮੇਟੀ ਦੇ ਮੈਂਬਰ ਜਸਬੀਰ ਸਿੰਘ ਜ਼ਫਰਵਾਲ ਅਤੇ ਗਿਆਨ ਚੰਦ ਨੇ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਦੋਵਾਂ ਆਗੂਆਂ ਨੇ ਕਿਹਾ ਕਿ 2008 ਵਿੱਚ ਜਦੋਂ ਉਸ ਵਕਤ ਦੇ ਕੇਂਦਰੀ ਵਿਦੇਸ਼ ਮੰਤਰੀ ਪ੍ਰਣਬ ਮੁਖਰਜੀ ਨੇ ਗੁਰਦੁਆਰਾ ਕਰਤਾਰਪੁਰ ਦੇ ਲਾਂਘੇ ਲਈ ਵਿਦੇਸ਼ ਪੱਧਰ 'ਤੇ ਭਾਰਤ-ਪਾਕਿਸਤਾਨ ਵਿਚਾਲੇ ਚੱਲਦੀ ਡੇਰਾ ਬਾਬਾ ਨਾਨਕ ਸਰਹੱਦ 'ਤੇ ਆਉਣ ਦਾ ਪ੍ਰੋਗਰਾਮ ਬਣਾਇਆ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਵਡਾਲਾ ਨੂੰ ਆਪ ਸੱਦ ਕੇ ਪੁਲਸ ਤੋਂ ਕਮਰੇ ਵਿੱਚ ਬੰਦ ਕਰਵਾ ਦਿੱਤਾ ਸੀ। ਬਾਦਲਾਂ ਨੇ ਗੁਰਦੁਆਰਾ ਕਰਤਾਰਪੁਰ ਦੇ ਲਾਂਘੇ ਲਈ ਬਾਦਲਾਂ ਨੇ ਕਦੇ ਯਤਨ ਤੱਕ ਨਹੀਂ ਕੀਤਾ, ਇਸ ਵੇਲੇ ਮਾਣ ਲੈਣ ਦੇ ਯਤਨਾਂ ਵਿੱਚ ਹਨ।

Jobs Jobs Jobs
General Labour/ Drivers/ Window Assemblers & Machine Operators
ਅੱਜ ਆਓ ਤੇ ਕੱਲ ਕੰਮ ਤੇ ਜਾਓ
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 7 ਦਿਨ ਕੰਮ ਉਪਲਬੱਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

7 STAR IMMIGRATION
ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!
ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team
- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship
Simrat Nijjar
Regulated Canadian Immigration Consultant
Ph:(905) 846-0707
Fax:(905)497-0706
Visit us online: www.7starimmigration.ca or email us at: info@7starimmigration.ca
1625 Steeles Ave E., Unit 17A, Brampton, ON L6T 4T7
Main Intersection- Steeles & Advance Blvd.



# ਸੰਪਾਦਕੀ

## ਰਾਜ ਗਰੇਵਾਲ ਦੇ ਅਸਤੀਫੇ ਤੋਂ ਉੱਠੇ ਸੁਆਲ

ਬਰੈਂਪਟਨ ਈਸਟ ਤੋਂ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਦਾ ਅਸਤੀਫਾ ਸਮੁੱਚੇ ਕੈਨੇਡਾ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਪਰ ਕੈਨੇਡਾ ਵੱਸਦੇ ਇੰਡੋ ਕੈਨੇਡੀਅਨ ਖਾਸ ਕਰਕੇ ਸਿੱਖ ਭਾਈਚਾਰੇ ਲਈ ਇਹ ਗੰਭੀਰ ਵਿਚਾਰ ਦਾ ਮਾਮਲਾ ਹੈ। ਕੈਨੇਡਾ ਦੀ ਸਮੁੱਚੀ ਜਨਸੰਖਿਆ ਦੇ 2% ਤੋਂ ਵੀ ਘੱਟ ਸਿੱਖ ਭਾਈਚਾਰੇ ਨਾਲ ਸਬੰਧਿਤ ਰਾਜ ਗਰੇਵਾਲ ਨੇ ਖੁਦ ਵਾਸਤੇ ਸਖ਼ਤ ਮਿਹਨਤ ਅਤੇ ਲਗਨ ਨਾਲ ਇੱਕ ਵਿਸ਼ੇਸ਼ ਅਕਸ ਪੈਦਾ ਕੀਤਾ ਸੀ। ਉਸਦੇ ਅਕਸ ਵਿੱਚੋਂ ਸਿੱਖ ਭਾਈਚਾਰੇ ਦੀ ਚੜਤ, ਲਗਨ, ਸੋਚ ਅਤੇ ਮਿਆਰ ਦਾ ਝਲਕਾਰਾ ਦਿੱਸਦਾ ਸੀ। ਉਸਦਾ ਬਣਦਾ ਫੱਬਦਾ ਸਿੱਖ ਸਰੂਪ, ਮਹਿਜ਼ 33 ਸਾਲਾਂ ਦੀ ਅਵਸਥਾ, ਸੱਜਰੀ ਹੋਈ ਸ਼ਾਦੀ, ਐਲ ਐਲ ਬੀ ਤੋਂ ਇਲਾਵਾ ਐਮ ਬੀ ਏ ਦੀ ਡਿਗਰੀ, ਸਾਧਾਰਨ ਪਰ ਮਿਹਨਤਕਸ਼ ਪਰਿਵਾਰ ਨਾਲ ਸਬੰਧ, ਕਿੱਤੇ ਵਜੋਂ ਬੇਅ ਸਟਰੀਟ ਉੱਤੇ ਵਕਾਲਤ ਦੀ ਪ੍ਰੈਕਟਿਸ ਅਤੇ ਸੱਤਾਧਾਰੀ ਸਿਆਸੀ ਪਾਰਟੀ ਦਾ ਮੈਂਬਰ ਪਾਰਲੀਮੈਂਟ ਹੋਣਾ ਸਫ਼ਲਤਾ ਦੀ ਉ ਅਸੰਪੂਰਨ ਕਹਾਣੀ ਹੈ ਜੋ ਅੱਧਵਾਟੇ ਗਲਤ ਮੋੜ ਕੱਟ ਗਈ।

ਗਤਲ ਮੋੜ ਇਸ ਲਈ ਕੱਟਿਆ ਗਿਆ ਕਿਉਂਕਿ ਰਾਜ ਗਰੇਵਾਲ ਨੂੰ ਨਿੱਜੀ ਜੀਵਨ ਵਿੱਚ ਦਰਪੇਸ਼ ਕੁੱਝ ਚੁਣੌਤੀਆਂ ਰਹੀਆਂ ਦੱਸੀਆਂ ਜਾਂਦੀਆਂ ਹਨ। ਇਸ ਗੱਲ ਦਾ ਇਜ਼ਹਾਰ ਰਾਜ ਗਰੇਵਾਲ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੋਵਾਂ ਵੱਲੋਂ ਕੀਤਾ ਗਿਆ ਹੈ। ਇਹ ਵੇਖਣਾ ਕਨੂੰਨ ਲਾਗੂ ਕਰਨ ਵਾਲੀਆਂ ਆਰ ਸੀ ਐਮ ਪੀ ਆਦਿ ਏਜੰਸੀਆਂ ਦਾ ਕੰਮ ਹੈ ਕਿ ਰਾਜ ਗਰੇਵਾਲ ਦੀਆਂ ਚੁਣੌਤੀਆਂ ਕਾਰਣ ਕਿਹੜੀਆਂ ਕਨੂੰਨੀ ਦਿੱਕਤਾਂ ਪੈਦਾ ਹੋਈਆਂ ਹਨ। ਕਮਿਊਨਿਟੀ ਵਜੋਂ ਸਾਡੇ ਲਈ ਸੁਆਲ ਹੈ ਕਿ ਜੇ ਕਮਿਊਨਿਟੀ ਲਈ 'ਰੋਲ ਮਾਡਲ' ਵਜੋਂ ਜਾਣੇ ਜਾਂਦੇ ਕਿਸੇ ਵਿਅਕਤੀ ਨੂੰ ਨਿੱਜੀ ਜਾਂ ਸਮਾਜਕ ਕਾਰਣਾਂ ਕਰਕੇ ਦੁਸ਼ਵਾਰੀਆਂ ਦਾ ਸਾਹ-ਮਣਾ ਕਰਨਾ ਪੈ ਜਾਂਦਾ ਹੈ ਤਾਂ ਸਾਡਾ ਪ੍ਰਤੀਕਰਮ ਕਿਹੋ ਜਿਹਾ ਹੋਣਾ ਚਾਹੀਦਾ ਹੈ?

ਹੈਰਾਨੀ ਵਾਲੀ ਗੱਲ ਹੈ ਕਿ ਰਾਜ ਗਰੇਵਾਲ ਦੇ ਸਾਥੀ ਸਿਆਸਤਦਾਨਾਂ ਅਤੇ ਕਮਿਊਨਿਟੀ ਵਿੱਚ ਪ੍ਰਭਾਵ ਰੱਖਣ ਵਾਲੇ ਲੀਡਰਾਂ ਦੇ ਫੇਸਬੁੱਕ, ਟਵਿੱਟਰ ਆਦਿ ਸੋਸ਼ਲ ਮੀਡੀਆ ਉੱਤੇ ਉਸ ਨਾਲ ਹਮਦਰਦੀ ਦਾ ਕੋਈ ਇਜ਼ਹਾਰ ਵੇਖਣ ਨੂੰ ਨਹੀਂ ਮਿਲ ਰਿਹਾ। ਕੀ ਅਸੀਂ ਉਸ ਵੇਲੇ ਤੱਕ ਹੀ ਟਵੀਟ ਅਤੇ ਫੇਸਬੁੱਕ ਪੋਸਟਾਂ ਸ਼ੇਅਰ ਕਰਦੇ ਹਾਂ ਜਦੋਂ ਤੱਕ ਕਿਸੇ ਦੋਸਤ ਮਿੱਤਰ ਜਾਂ ਸਾਥੀ ਦਾ ਝੰਡਾ ਬਰਕਰਾਰ ਹੈ? ਕੀ ਕੋਈ ਵਿਅਕਤੀ ਦਾਅਵੇ ਨਾਲ ਆਖ ਸਕਦਾ ਹੈ ਕਿ ਉਸਨੂੰ ਜਾਂ ਪਰਿਵਾਰ, ਦੋਸਤ ਮਿੱਤਰ ਦਾਇਰੇ ਵਿੱਚੋਂ ਕਿਸੇ ਨੂੰ ਜੀਵਨ ਦੇ ਕਿਸੇ ਮੋੜ ਉੱਤੇ ਕੋਈ ਚੁਣੌਤੀ ਦਰਪੇਸ਼ ਨਹੀਂ ਹੋਵੇਗੀ? ਇਸ ਪਰੀਪੇਖ ਵਿੱਚ ਸੋਚਿਆਂ ਅਖੌਤੀ ਦੋਸਤਾਂ, ਖੈਰਖਾਹਾਂ ਅਤੇ ਸਾਥੀਆਂ ਦੀ ਹਮਦਰਦੀ ਇਜ਼ਹਾਰ ਨਾ ਕਰ ਸੱਕਣ ਦੀ ਮਾਨਕਿਸਤਾ ਨੂੰ ਮਜ਼ਬੂਤ ਕਰਨ ਦੀ ਥਾਂ ਤੋੜਨ ਦੀ ਲੋੜ ਹੈ। ਸਾਨੂੰ ਖੁਦ ਆਪਣੇ ਆਪ ਨੂੰ ਅਤੇ ਆਗੂਆਂ ਨੂੰ ਸੁਆਲ ਕਰਨਾ ਬਣਦਾ ਹੈ ਕਿ ਸਫ਼ਲਤਾ ਦੇ ਦੌਰ ਵਿੱਚ ਹਰ ਮੋੜ ਉੱਤੇ ਫੋਟੋਆਂ ਅਤੇ ਵੀਡੀਓ ਸਾਂਝੀਆਂ ਕਰਨ ਵਾਲਿਆਂ ਪਰ ਔਖੇ ਵੇਲੇ ਸਾਥ ਛੱਡ ਦੇਣ ਵਾਲਿਆਂ ਤੋਂ ਕਿਵੇਂ ਬਚਿਆ ਜਾਵੇ।

ਇਸ ਪੱਖ ਤੋਂ ਪ੍ਰਧਾਨ ਮੰਤਰੀ ਟਰੂਡੋ ਦੇ ਰਾਜ ਗਰੇਵਾਲ ਬਾਰੇ ਟਵੀਟ ਪ੍ਰਸੰਸਾ ਕਰਨੀ ਬਣਦੀ ਹੈ। ਟਰੂਡੋ ਹੋਰਾਂ ਨੇ ਲਿਖਿਆ ਹੈ ਕਿ ਉਹ ਉਮੀਦ ਕਰਦੇ ਹਨ ਕਿ ਰਾਜ ਗਰੇਵਾਲ ਨੂੰ ਉਹ ਮਦਦ ਮਿਲੇ ਜਿਸਦੀ ਉਸਨੂੰ ਲੋੜ ਹੈ। ਰੇਡੀਓ ਟਾਕ ਸ਼ੋਅ 1010 ਉੱਤੇ ਅਕਸਰ ਮਾਹਰ ਰਾਏ ਦੇਣ ਵਾਲੇ ਟਿੱਪਣੀਕਾਰ, ਟੋਰਾਂਟੋ ਸਨ, ਨੈਸ਼ਨਲ ਪੋਸਟ ਅਤੇ ਹੋਰ ਮੀਡੀਆ ਵਿੱਚ ਛੱਪਣ ਵਾਲੇ ਸੀਨੀਅਰ ਪੱਤਰਕਾਰ ਲੋਰੀ ਗੋਲਡਸਟੀਨ ਦਾ ਟਵੀਟ ਵੀ ਵਿਸ਼ੇਸ਼ ਧਿਆਨ ਖਿੱਚਦਾ ਹੈ। ਉਸਨੇ ਲਿਖਿਆ ਹੈ, "ਮੈਂ ਕਿਉਂ ਸਿਆਸਤਦਾਨ ਬਣਨਾ ਦੀ ਖਵਾਹਿਸ਼ ਰੱਖਾਂ? ਇੱਥੇ ਮੁਸ਼ਕਲ ਹਾਲਾਤਾਂ ਵਿੱਚ ਚੁੱਪ ਚੁਪੀਤੇ ਅਸਤੀਫ਼ਾ ਦੇਣ ਦਾ ਕੋਈ ਰਸਤਾ ਹੀ ਨਹੀਂ ਹੈ। ਤੁਹਾਡੀ ਜ਼ਿੰਦਗੀ ਨੂੰ ਪਿਆਜ਼ ਦੀਆਂ ਪਰਤਾਂ ਵਾਗੂੰ ਉਧੇੜ ਦਿੱਤਾ ਜਾਂਦਾ ਹੈ। ਮੈਂ ਉਮੀਦ ਕਰਦਾ ਹਾਂ ਕਿ ਰਾਜ ਗਰੇਵਾਲ ਨੂੰ ਉਹ ਮਦਦ ਮਿਲੇ ਜਿਸਦੀ ਉਸਨੂੰ ਅੱਜ ਲੋੜ ਹੈ"। ਗੌਰਤਲਬ ਹੈ ਕਿ ਲੋਰੀ ਗੋਲਡਸਟੀਨ ਲਿਬਰਲ ਪੱਖੀ ਨਹੀਂ ਸਗੋਂ ਸੱਜੇ ਪੱਖੀ/ਕੰਜ਼ਰਵੇਟਿਵ ਸੋਚ ਨਾਲ ਜੁੜਿਆ ਸਿਆਸੀ ਕਮੈਂਟੇਟਰ ਹੈ।

ਇੰਡੋ ਕੈਨੇਡੀਅਨ ਕਮਿਊਨਿਟੀ ਖਾਸ ਕਰਕੇ ਸਿੱਖ ਕਮਿਊਨਿਟੀ ਵਿੱਚ ਬੇਸ਼ੱਕ ਸਿਧਾਂਤਕ ਰੂਪ ਵਿੱਚ 'ਸਰਬੱਤ ਦੇ ਭਲੇ' ਦਾ ਮਹਾਨ ਫਲਸਫਾ ਮੌਜੂਦ ਹੈ ਪਰ ਸਾਨੂੰ ਇਹਨਾਂ ਸਿਧਾਂਤਾਂ ਨੂੰ ਥੋੜਾ ਬਹੁਤਾ ਅਮਲੀ ਜਾਮਾ ਦੇਣ ਦੀ ਲੋੜ ਵੀ ਹੈ। ਸੋਚਿਆ ਜਾਵੇ ਤਾਂ ਉਹਨਾਂ ਆਗੂਆਂ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਉੱਤੇ ਸਮੁੱਚੀ ਲੋਕਾਈ ਨਾਲ ਸਾਂਝੇ ਕੀਤੇ ਸਰਬ-ਸਾਝੀਂਵਾਲਤਾ ਦੇ ਸੰਦੇਸ਼ ਕਿੰਨੇ ਖੋਖਲੇ ਹੋਣਗੇ ਜਿਹਨਾਂ ਦੀਆਂ ਨਜ਼ਰਾਂ ਤੋਂ ਮੁਸ਼ਕਲ ਸਥਿਤੀ ਨਾਲ ਜੂਝਦਾ ਇੱਕ ਸਾਥੀ ਉਹਲੇ ਰਹਿ ਗਿਆ ਜੋ ਉਹਨਾਂ ਲਈ ਵੀ ਅਤੇ ਕਮਿਊਨਿਟੀ ਲਈ ਵੀ ਰੋਲ ਮਾਡਲ ਸਮਝਿਆ ਜਾਂਦਾ ਸੀ।

ਰਾਜ ਗਰੇਵਾਲ ਦੇ ਅਸਤੀਫ਼ੇ ਤੋਂ ਪੈਦਾ ਹੋਈ ਸਥਿਤੀ ਸਾਨੂੰ ਗੰਭੀਰ ਚਿੰਤਨ ਵੱਲ ਲੈ ਕੇ ਜਾਣ ਦਾ ਸਬੱਬ ਹੈ। ਇਹ ਸੋਚਣ ਦਾ ਮੌਕਾ ਹੈ ਕਿ ਅਸੀਂ ਜੂਏ, ਨਸ਼ੇ ਜਾਂ ਕਿਸੇ ਹੋਰ ਕਿਸਮ ਦੀ ਆਦਤ ਨਾਲ ਜੂਝ ਰਹੇ ਕਮਿਊਨਿਟੀ ਮੈਂਬਰਾਂ ਨੂੰ ਬਣਦੀ ਮਦਦ ਕਿਵੇਂ ਦੇਣੀ ਹੈ? ਗੱਲ ਆਖ਼ਰ ਨੂੰ ਗੱਲਾਂ ਨਾਲ ਨਹੀਂ ਸਗੋਂ ਅਮਲਾਂ ਨਾਲ ਬਣਨੀ ਹੈ। ਸਾਡੀ ਕਮਿਊਨਿਟੀ ਵਿੱਚ 'ਐਡਿਕਸ਼ਨ' ਭਾਵ ਕਿਸੇ ਕਿਸਮ ਦੀ ਸਖ਼ਤ ਆਦਤ ਨਾਲ ਸਿੱਝਣ ਵਾਸਤੇ ਸ੍ਰੋਤਾਂ ਦੀ ਬਹੁਤ ਘਾਟ ਹੈ ਜਦੋਂ ਕਿ ਲੋੜ ਬਹੁਤ ਜ਼ਿਆਦਾ ਹੈ।

# ਸਰਹੱਦ ਲਾਗੇ ਪਹੁੰਚੇ ਮਾਈਗ੍ਰੈਂਟਸ ਉੱਤੇ ਅਮਰੀਕਾ ਨੇ ਕੀਤੀ ਅੱਥਰੂ ਗੈਸ ਦੀ ਵਰਤੋਂ

...ਪੰਨਾ 1 ਦਾ ਬਾਕੀ

ਮੌਕੇ ਉੱਤੇ ਮੌਜੂਦ ਪੱਤਰਕਾਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਮਰੀਕੀ ਏਜੰਟਾਂ ਵੱਲੋਂ ਇਨ੍ਹਾਂ ਮਾਈਗ੍ਰੈਂਟਸ ਉੱਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਜਿਸ ਕਾਰਨ ਪਰੇਸ਼ਾਨ ਬੱਚਿਆਂ ਨੇ ਚੀਕਣਾਂ ਤੇ ਖੰਘਣਾਂ ਸ਼ੁਰੂ ਕਰ ਦਿੱਤਾ। 23 ਸਾਲਾ ਐਨਾ ਜੁਨੀਗਾ ਨੇ ਦੱਸਿਆ ਕਿ ਉਹ ਵੀ ਮੌਕੇ ਉੱਤੇ ਮੌਜੂਦ ਸੀ ਤੇ ਉਸ ਨੇ ਦੇਖਿਆ ਕਿ ਮਾਈਗ੍ਰੈਂਟਸ ਨੇ ਵਾੜ ਵਿੱਚ ਥੋੜ੍ਹੀ ਜਿਹੀ ਥਾਂ ਬਣਾ ਲਈ ਸੀ ਤੇ ਇਸੇ ਥਾਂ ਵਿੱਚੋਂ ਹੀ ਏਜੰਟਾਂ ਨੇ ਅੱਥਰੂ ਗੈਸ ਦੇ ਗੋਲੇ ਦਾਗੇ। ਇਸ ਮਗਰੋਂ ਸਾਰੇ ਭੱਜਣ ਲੱਗੇ। ਉਸ ਨੇ ਦੱਸਿਆ ਕਿ ਉਸ ਦੀ 3 ਸਾਲਾ ਬੱਚੀ ਵੀ ਉਸ ਨਾਲ ਸੀ ਤੇ ਸੱਭ ਦਾ ਹੀ ਬੁਰਾ ਹਾਲ ਹੋ ਗਿਆ।

ਮੈਕਸਿਕੋ ਦੇ ਮਿਲੇਨੀਓ ਟੀਵੀ ਉੱਤੇ ਵੀ ਕਈ ਮਾਈਗ੍ਰੈਂਟਸ ਦੀਆਂ ਸਰਹੱਦ ਉੱਤੇ ਲੱਗੀ ਵਾੜ ਟੱਪਦਿਆਂ ਦੀਆਂ ਤਸਵੀਰਾਂ ਹਨ। ਅਮਰੀਕੀ ਪਾਸੇ ਵੱਲ ਵੀ ਕੁੱਝ ਗਜ਼ ਦੀ ਦੂਰੀ ਉੱਤੇ ਸਥਿਤ ਸ਼ਾਪਿੰਗ ਮਾਲ ਵਿੱਚੋਂ ਕਈ ਲੋਕ ਚੀਕਦੇ ਹੋਏ ਬਾਹਰ ਆਉਂਦੇ ਨਜ਼ਰ ਆ ਰਹੇ ਹਨ। ਸੈਨ ਡਿਏਗੋ ਦੇ ਬੌਰਡਰ ਪੋਰਟਲ ਆਫਿਸ ਵੱਲੋਂ ਟਵਿੱਟਰ ਰਾਹੀਂ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਸੈਨ ਯਸਿਡਰੋ ਪੋਰਟ ਉੱਤੇ ਪੂਰਬੀ ਤੇ ਪੱਛਮੀ ਫੈਸਿਲਿਟੀਜ਼ ਉੱਤੇ ਬਾਰਡਰ ਕਰਾਸਿੰਗ ਬੰਦ ਕਰ ਦਿੱਤੀ ਗਈ ਹੈ ਤੇ ਉੱਤਰ ਤੇ ਦੱਖਣ ਵੱਲ ਜਾਣ ਵਾਲੇ ਟਰੈਫਿਕ ਨੂੰ ਵੀ ਰੋਕ ਦਿੱਤਾ ਗਿਆ ਹੈ।

ਇਸ ਤੋਂ ਪਹਿਲਾ ਐਤਵਾਰ ਨੂੰ ਕਈ ਸੈਂਟਰਲ ਅਮੈਰੀਕਨ ਮਾਈਗ੍ਰੈਂਟਸ ਨੇ ਕੌਮਾਂਤਰੀ ਬਾਰਡਰ ਕਰਾਸਿੰਗ ਨੇੜੇ ਖੜ੍ਹੀ ਮੈਕਸਿਕੋ ਪੁਲਿਸ ਵੱਲੋਂ ਲਾਏ ਅੜਿੱਕੇ ਨੂੰ ਪਾਰ ਕਰ ਲਿਆ। ਉਨ੍ਹਾਂ ਇਸ ਲਈ ਕਿਸੇ ਤਰ੍ਹਾਂ ਦੀ ਹਿੰਸਾ ਦੀ ਵਰਤੋਂ ਨਹੀਂ ਕੀਤੀ। ਇਹ ਮੁਜ਼ਾਹਰਾਕਾਰੀ ਅਮਰੀਕਾ ਨੂੰ ਉਨ੍ਹਾਂ ਨੂੰ ਪਨਾਹ ਦੇਣ ਲਈ ਦਬਾਅ ਪਾਉਣਾ ਚਾਹੁੰਦੇ ਸੀ। ਉਨ੍ਹਾਂ ਕੋਲ ਹੱਥ ਲਿਖਤ ਝੰਡੇ ਵੀ ਸਨ ਜਿਨ੍ਹਾਂ ਉੱਤੇ ਲਿਖਿਆ ਸੀ ਕਿ ਅਸੀਂ ਮੁਜਰਮ ਨਹੀਂ ਸਗੋਂ ਕੌਮਾਂਤਰੀ ਵਰਕਰ ਹਾਂ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਸੀ ਬੀ ਆਈ ਆਪਣੀ ਭਰੋਸੇਯੋਗਤਾ ਬਹਾਲ ਕਰੇ

-ਵਿਪਿਨ ਪੱਬੀ

ਇੱਕ ਸਮਾਂ ਸੀ, ਜਦੋਂ ਸਿਆਸੀ ਪਾਰਟੀਆਂ ਅਤੇ ਲੋਕ ਵੱਖ-ਵੱਖ ਮਾਮਲਿਆਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਸੌਂਪਣ ਦਾ ਦਬਾਅ ਬਣਾਉਣ ਵਾਸਤੇ ਧਰਨੇ ਦਿੰਦੇ ਸਨ। ਅਜਿਹੀਆਂ ਵੀ ਮਿਸਾਲਾਂ ਹਨ, ਜਦੋਂ ਸੀ ਬੀ ਆਈ ਤੋਂ 'ਆਜ਼ਾਦ' ਜਾਂਚ ਕਰਵਾਉਣ ਵਿੱਚ ਟਾਲ-ਮਟੋਲ ਕਰਨ ਵਾਲੇ ਰਾਜਾਂ ਨੂੰ ਮਜ਼ਬੂਰ ਕਰਨ ਲਈ ਮੁਜ਼ਾਹਰੇ ਹਿੰਸਕ ਹੋ ਜਾਂਦੇ ਸਨ। ਸੀ ਬੀ ਆਈ ਤੋਂ ਜਾਂਚ ਕਰਵਾਉਣ ਅਤੇ ਦੇਸ਼ ਦੀ ਮੁੱਖ ਕੇਂਦਰੀ ਜਾਂਚ ਏਜੰਸੀ ਵਿੱਚ ਆਪਣਾ ਭਰੋਸਾ ਬਣਾਈ ਰੱਖਣ ਪਿੱਛੇ ਕਾਰਨ ਇਹ ਸੀ ਕਿ ਲੋਕਾਂ ਨੂੰ ਭਰੋਸਾ ਸੀ ਕਿ ਸੂਬੇ ਦੀ ਪੁਲਸ ਦਾ ਸੂਬੇ ਵਿੱਚ ਸੱਤਾਧਾਰੀ ਪਾਰਟੀ ਪ੍ਰਤੀ ਝੁਕਾਅ ਹੁੰਦਾ ਹੈ, ਕਿਉਂਕਿ ਕਾਨੂੰਨ-ਵਿਵਸਥਾ ਦਾ ਵਿਸ਼ਾ ਅਤੇ ਪੁਲਸ ਰਾਜ ਸਰਕਾਰ ਦੇ ਅਧੀਨ ਹੁੰਦੇ ਹਨ। ਬਿਨਾਂ ਸ਼ੱਕ ਸੂਬਾ ਸਰਕਾਰਾਂ ਪੁਲਸ ਜਾਂਚ ਨੂੰ ਪ੍ਰਭਾਵਤ ਕਰਨ ਲਈ ਆਪਣੀ ਤਾਕਤ ਦੀ ਵਰਤੋਂ ਕਰਦੀਆਂ ਹਨ। ਕਈ ਰਾਜਾਂ ਵਿੱਚ ਪੁਲਸ ਫਿਰਕੂ ਹੋਣ ਲਈ ਵੀ ਜਾਣੀ ਜਾਂਦੀ ਹੈ। ਰਾਜ ਸੂਬਾ ਸਰਕਾਰਾਂ ਇਸ ਸਥਿਤੀ 'ਚ ਨਹੀਂ ਹੁੰਦੀਆਂ ਕਿ ਉਹ ਸੀ ਬੀ ਆਈ ਨੂੰ ਜਾਂਚ ਲਈ ਮਾਮਲੇ ਆਪਣੇ ਹੱਥ ਵਿੱਚ ਲੈਣ ਦਾ ਹੁਕਮ ਦੇ ਸਕਣ, ਪਰ ਉਹ ਸੀ ਬੀ ਆਈ ਨੂੰ ਏਦਾਂ ਕਰਨ ਦੀ ਅਪੀਲ ਕਰ ਸਕਦੀਆਂ ਹਨ। ਅਜਿਹੀਆਂ ਮਿਸਾਲਾਂ ਵੀ ਬਹੁਤ ਹਨ, ਜਿੱਥੇ ਅਦਾਲਤਾਂ ਨੇ ਸੀ ਬੀ ਆਈ ਨੂੰ ਕੁਝ ਮਾਮਲਿਆਂ ਦੀ ਜਾਂਚ ਕਰਨ ਲਈ ਕਿਹਾ, ਜਿਹੜੇ ਨਿਆਂ ਪਾਲਿਕਾ ਦੇ ਧਿਆਨ ਵਿੱਚ ਲਿਆਂਦੇ ਗਏ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਸੀ ਬੀ ਆਈ ਵੱਲੋਂ ਜਾਂਚੇ ਗਏ ਮਾਮਲਿਆਂ ਵਿੱਚ ਦੋਸ਼ ਸਿੱਧ ਹੋਣ ਦੀ ਦਰ ਬਹੁਤ ਘੱਟ ਰਹੀ ਹੈ। ਜਿੱਥੇ ਸੀ ਬੀ ਆਈ ਇਹ ਦਾਅਵਾ ਕਰਦੀ ਹੈ ਕਿ ਉਸ ਦੀ ਇਹ ਦਰ 60 ਫੀਸਦੀ ਤੋਂ ਜ਼ਿਆਦਾ ਹੈ, ਉਥੇ ਉਸ ਦੇ ਅੰਕੜੇ ਗੁੰਮਰਾਹ ਕਰਨ ਵਾਲੇ ਹਨ।

ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਨੇ ਸੰਕੇਤ ਦਿੱਤਾ ਹੈ ਕਿ ਜਿੱਥੇ ਛੋਟੇ ਕੇਸਾਂ 'ਚ ਦੋਸ਼ ਸਿੱਧ ਹੋਣ ਦੀ ਦਰ ਉਚੀ ਸੀ, ਉਥੇ ਪ੍ਰਮੁੱਖ ਕੇਸਾਂ ਵਿੱਚ ਏਜੰਸੀ ਦੀ ਮੁਕੱਦਮੇ ਜਿੱਤਣ ਵਾਲੀ ਦਰ 9.96 ਫੀਸਦੀ ਹੈ, ਜੋ ਘਟੀਆ ਹੈ। ਸਿਰਫ ਸਾਲ 2017 ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ ਹੇਠ ਦਰਜ 538 ਕੇਸਾਂ ਵਿੱਚ 755 ਦੋਸ਼ੀਆਂ ਨੂੰ ਬਰੀ ਕੀਤਾ ਗਿਆ, ਜਦ ਕਿ ਦੇਸ਼ ਭਰ ਭਰ ਵਿੱਚ ਅਦਾਲਤਾਂ ਵੱਲੋਂ 184 ਮਾਮਲੇ ਰੱਦ ਕੀਤੇ ਗਏ।

ਪਿਛਲੇ ਸਮੇਂ ਦੌਰਾਨ ਅਦਾਲਤਾਂ ਵਿੱਚ ਸੀ ਬੀ ਆਈ ਵੱਲੋਂ ਹਾਰੇ ਹੋਏ ਪ੍ਰਮੁੱਖ ਕੇਸਾਂ ਵਿੱਚ 2-ਜੀ ਸਪੈਕਟਰਮ ਦਾ ਘਪਲਾ ਅਤੇ ਆਰੂਸ਼ੀ ਤਲਵਾੜ ਕਤਲ ਕੇਸ ਸ਼ਾਮਲ ਹਨ। ਅਸਲ ਵਿੱਚ ਸੀ ਬੀ ਆਈ ਵੱਲੋਂ ਕੀਤੇ ਗਏ ਘਟੀਆ ਕੰਮ ਦੇ ਸਿੱਟੇ ਵਜੋਂ ਬਰੀ ਹੋਣ ਵਾਲਿਆਂ ਦੀ ਗਿਣਤੀ 'ਚ ਵਧ ਗਈ ਹੈ, ਜਿਨ੍ਹਾਂ 'ਚੋਂ ਬਹੁਤੇ ਭ੍ਰਿਸ਼ਟਾਚਾਰ 'ਚ ਸ਼ਾਮਲ ਹਨ। ਫਿਰ ਵੀ ਲੋਕਾਂ ਦਾ ਮੰਨਣਾ ਹੈ ਕਿ ਸੀ ਬੀ ਆਈ ਖੁੱਲ੍ਹੇ ਤੌਰ 'ਤੇ ਪੱਖਪਾਤੀ ਅਤੇ ਇਥੋਂ ਤੱਕ ਕਿ ਫਿਰਕੂ ਸੂਬਾਈ ਪੁਲਸ ਤੋਂ ਬਿਹਤਰ ਹੈ, ਪਰ ਸੀ ਬੀ ਆਈ ਦੇ ਦੋ ਪ੍ਰਮੁੱਖ ਅਫਸਰਾਂ ਵਿਚਾਲੇ ਤਾਜ਼ਾ ਟਕਰਾਅ ਹੈਰਾਨੀ ਵਾਲਾ ਹੈ। ਇਸ ਨੇ ਸੀ ਬੀ ਆਈ ਦੀ ਭਰੋਸੇਯੋਗਤਾ ਦਾ ਨੁਕਸਾਨ ਕੀਤਾ ਹੈ। ਇਸ ਦੇ ਡਾਇਰੈਕਟਰ ਅਤੇ ਸਪੈਸ਼ਲ ਡਾਇਰੈਕਟਰ ਨੇ ਇੱਕ ਦੂਜੇ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਮੜ੍ਹੇ ਹਨ। ਤ੍ਰਾਸਦੀ ਹੈ ਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨਾ ਸੀ ਬੀ ਆਈ ਦਾ ਸਭ ਤੋਂ ਅਹਿਮ ਕੰਮ ਹੈ। ਜਿੱਥੇ ਇਹ ਕੇਸ ਸੁਪਰੀਮ ਕੋਰਟ 'ਚ ਹੈ, ਉਥੇ ਇਹ ਤੱਥ ਹੈ ਕਿ ਸੀ ਬੀ ਆਈ ਦੀ ਭਰੋਸੇਯੋਗਤਾ ਆਪਣੇ ਹੇਠਲੇ ਪੱਧਰ 'ਤੇ ਪਹੁੰਚ ਗਈ ਅਤੇ ਇਸ ਨੂੰ ਬਹੁਤ ਨੁਕਸਾਨ ਪੁੱਜਾ ਹੈ। ਕੋਈ ਸੀ ਬੀ ਆਈ ਤੋਂ ਕਿਸੇ ਕੇਸ ਦੀ ਜਾਂਚ ਕਰਵਾਉਣ ਦੀ ਮੰਗ ਕਿਵੇਂ ਕਰ ਸਕਦਾ ਹੈ, ਜਦੋਂ ਇਸ ਦੇ ਸੀਨੀਅਰ ਅਫਸਰਾਂ ਨੇ ਇੱਕ ਦੂਜੇ ਤੋਂ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਹਨ?

ਜਦੋਂ ਦੇਸ਼ ਦੇ ਇੱਕ ਹੋਰ ਅਹਿਮ ਅਦਾਰੇ ਦਾ ਇਸ ਤਰ੍ਹਾਂ ਪਤਨ ਹੁੰਦਾ ਦੇਖਣਾ ਦੁੱਖਦਾਈ ਹੈ, ਓਦੋਂ ਮੌਜੂਦਾ ਸੰਕਟ ਗੰਭੀਰ ਨਤੀਜਿਆਂ ਵੱਲ ਲਿਜਾ ਰਿਹਾ ਹੈ, ਜਿਨ੍ਹਾਂ ਉੱਤੇ ਅਜੇ ਦੇਸ਼ ਨੇ ਆਪਣਾ ਧਿਆਨ ਨਹੀਂ ਦਿੱਤਾ। ਪਿਛਲੇ ਹਫਤੇ ਪੱਛਮੀ ਬੰਗਾਲ ਅਤੇ ਆਂਧਰਾ ਪ੍ਰਦੇਸ਼ ਦੀਆਂ ਸਰਕਾਰਾਂ ਨੇ ਆਪਣੇ ਰਾਜਾਂ ਵਿੱਚ ਸੀ ਬੀ ਆਈ ਨੂੰ ਆਜ਼ਾਦ ਤੌਰ 'ਤੇ ਜਾਂਚ ਕਰਨ ਲਈ ਦਿੱਤੀ ਗਈ 'ਆਮ ਸਹਿਮਤੀ' ਨੂੰ ਵਾਪਸ ਲੈ ਲਿਆ। ਇਸ ਦਾ ਅਰਥ ਇਹ ਹੈ ਕਿ ਆਪਣੀਆਂ ਕਾਰਵਾਈਆਂ ਕਰਨ ਲਈ ਸੀ ਬੀ ਆਈ ਨੂੰ ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਤੋਂ ਇਜਾਜ਼ਤ ਲੈਣੀ ਪਵੇਗੀ। ਸੁਭਾਵਿਕ ਹੈ ਕਿ ਦੋਵੇਂ ਸੂਬਾ ਸਰਕਾਰਾਂ ਇਹ ਮਹਿਸੂਸ ਕਰਦੀਆਂ ਹਨ ਕਿ ਸੀ ਬੀ ਆਈ ਸਿਰਫ ਕੇਂਦਰ ਸਰਕਾਰ ਦੇ ਪੱਖ ਵਿੱਚ ਕੰਮ ਕਰਦੀ ਹੈ। ਇਹ ਚੰਗਾ ਕਦਮ ਨਹੀਂ ਹੈ ਅਤੇ ਫੈਡਰਲ ਢਾਂਚੇ ਦੇ ਵਿਰੁੱਧ ਜਾਂਦਾ ਹੈ।

ਆਪਣੇ ਤੌਰ ਉਤੇ ਸੀ ਬੀ ਆਈ ਨੂੰ ਆਪਣੀ ਭਰੋਸੇਯੋਗਤਾ ਬਹਾਲ ਕਰਨ ਦੀ ਲੋੜ ਹੈ। ਜਿੱਥੇ ਇਹ ਸੱਚ ਹੈ ਕਿ ਸੀ ਬੀ ਆਈ ਡਾਇਰੈਕਟਰ ਦੀ ਨਿਯੁਕਤੀ ਇੱਕ ਕਮੇਟੀ ਵੱਲੋਂ ਕੀਤੀ ਜਾਂਦੀ ਹੈ, ਜਿਸ ਵਿੱਚ ਪ੍ਰਧਾਨ ਮੰਤਰੀ, ਲੋਕ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਅਤੇ ਦੇਸ਼ ਦੇ ਚੀਫ ਜਸਟਿਸ ਸ਼ਾਮਲ ਹੁੰਦੇ ਹਨ, ਉਥੇ ਇਹ ਅਹਿਮ ਹੈ ਕਿ ਬਾਕੀ ਨਿਯੁਕਤੀਆਂ ਵੀ ਇੱਕ ਆਜ਼ਾਦ ਕਮੇਟੀ ਦੇ ਰਾਹੀਂ ਹੁੰਦੀਆਂ ਹਨ। ਮੌਜੂਦਾ ਸੰਕਟ ਲਈ ਸਾਰੀ ਸਮੱਸਿਆ ਉਦੋਂ ਸ਼ੁਰੂ ਹੋਈ, ਜਦੋਂ ਕੇਂਦਰ ਨੇ ਡਾਇਰੈਕਟਰ ਦੀ ਸਹਿਮਤੀ ਤੋਂ ਬਿਨਾਂ ਰਾਕੇਸ਼ ਅਸਥਾਨਾ ਦੀ ਸੀ ਬੀ ਆਈ ਦੇ ਵਿਸ਼ੇਸ਼ ਡਾਇਰੈਕਟਰ ਵਜੋਂ ਨਿਯੁਕਤੀ ਕਰ ਦਿੱਤੀ। ਬਿਊਰੋ ਵਿੱਚ ਡੈਪੂਟੇਸ਼ਨ ਉੱਤੇ ਅਫਸਰਾਂ ਦੀ ਚੋਣ ਪ੍ਰਕਿਰਿਆ ਦੇ ਸੁਧਾਰ ਦੀ ਲੋੜ ਹੈ, ਜਿਸ ਦੇ ਲਈ ਫੋਰਸਾਂ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਅਧਿਕਾਰੀਆਂ ਦੇ ਪਿਛੋਕੜ ਦੀ ਪੂਰੀ ਜਾਂਚ ਹੋਣੀ ਚਾਹੀਦੀ ਹੈ। ਵੱਖ-ਵੱਖ ਸੂਬਿਆਂ ਅਤੇ ਵੱਖ-ਵੱਖ ਪਿਛੋਕੜਾਂ ਵਾਲੇ ਹੋਰ ਜ਼ਿਆਦਾ ਅਫਸਰਾਂ ਨੂੰ ਨਿਯੁਕਤ ਕਰਨ ਅਤੇ ਉਨ੍ਹਾਂ ਨੂੰ ਖੁੱਲ੍ਹਾ ਹੱਥ ਦੇਣ ਦੀ ਲੋੜ ਹੈ। ਸੀ ਬੀ ਆਈ ਨੂੰ ਅਜਿਹੀ ਏਜੰਸੀ ਵਿੱਚ ਬਦਲਣਾ ਚਾਹੀਦਾ ਹੈ, ਜਿਸ ਨੂੰ ਪੱਖਪਾਤਹੀਣਤਾ ਲਈ ਸਨਮਾਨ ਤੇ ਪ੍ਰਸਿੱਧੀ ਮਿਲੇ।

# ਨਾਨਕਸਰ ਬਰੈਂਪਟਨ ਗੁਰੂ ਘਰ ਵਲੋਂ ਸ਼ਰਧਾ ਨਾਲ ਗੁਰਪੁਰਬ ਮਨਾਇਆ




ਬਰੈਂਪਟਨ ਕੈਨੇਡਾ : ( ਸੁਰਜੀਤ ਸਿੰਘ ਫਲੋਰਾ) ਦੀਨ -ਦੁਨੀਆਂ ਦੇ ਮਾਲਿਕ ਉਸ ਅਕਾਲ ਪੁਰਖ ਰੀਹਾਨੀ ਸ਼ਕਤੀ ਗੁਰ ਬਾਬਾ, ਪਹਿਲੀ ਪਾਤਸ਼ਾਹੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਲੋਂ ਬਰੈਂਪਟਨ ਤੇ ਆਸ-ਪਾਸ ਦੇ ਸ਼ਹਿਰਾਂ ਵਲੋਂ ਗੁਰੂ ਘਰ ਨਾਨਕਸਰ ਟਿਮਬਰਲੇਨ 'ਚ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ,ਗੁਰੂ ਸਹਿਬ ਦੇ ਦਰਸ਼ਨਾਂ ਲਈ ਲੰਬੀਆਂ ਕਤਾਰਾਂ ਲੱਗਿਆਂ ਹੋਇਆਂ ਸਨ, ਜੋ ਸਬਰ ਤੇ ਸ਼ਾਤੀ ਨਾਲ ਆਪੋ ਆਪਣੀ ਵਾਰੀ ਦੇ ਉਡੀਕ ਕਰਦੇ ਟਹੇ। ਫਰ ਜਾਦੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਨਮਸਤੱਕ ਲਈ ਪਹੁੰਚਦੇ ਸਨ ਤਾਂ ਕਤਾਰ ਵਿਚ ਖੜ੍ਹੇ ਖੜ੍ਹੇ ਜੋ ਥਕਾਵਟ ਮਹਿਸੂਸ ਹੋਣੀ ਸ਼ੁਰੂ ਹੁੰਦੀ ਸੀ ਉਹ ਸਭ ਦਰਬਾਰ ਦੇ ਅੱਗੇ ਬਹੁਤ ਹੀ ਸ਼ਹਿਸ਼ੀਲਤਾ ਤੇ ਕਾਰਗਰੀ ਵਿਉਂਤ ਨਾਲ ਗੁਰੁ ਪਿਆਰਿਆਂ ਵਲੋਂ "ਧੰਨ ਗੁਰੂ ਨਾਨਕ ਤੂੰਹੀ ਨਿਰੰਕਾਰ" ਰੰਗ ਬਿਰੰਗੇ ਫੁੱਲਾਂ ਨਾਲ ਲਿਖਿਆਂ ਅਤੇ ਦੀਵਾਨ ਨੂੰ ਸਜਾਇਆ ਹੋਇਆ ਦੇਖ ਕੇ ਜਵਾਨ ਆਪਣੇ ਆਪ ਹੀ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਤੂੰਹੀ ਨਿਰੰਕਾਰ ਆਪਣੇ ਆਪ ਹੀ ਜਪਣ ਲੱਗ ਜਾਂਦੀ ਸੀ। ਇਸ ਤਹਿਤ ਵੱਖ-ਵੱਖ ਗੁਰਦੁਆਰਿਆਂ 'ਚ ਧਾਰਮਿਕ ਦੀਵਾਨ ਸਜਾਏ ਗਏ । ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਇਲਾਹੀ ਬਾਣੀ ਦੇ ਕੀਰਤਨ ਹੋਏ । ਕਥਾਂਵਾਚਕਾਂ ਵਲੋਂ ਗੁਰੂ ਨਾਨਕ ਸਾਹਿਬ ਦੇ ਜੀਵਨ ਵਾਰੇ ਸਾਖੀਆਂ ਤੇ ਕਥਾਂ ਕਰਕੇ ਉਹਨਾਂ ਦੇ ਅਲੌਕੇ ਜੀਵਨ ਤੇ ਜਾਣਨਾ ਪਾਇਆ ਗਿਆ।

# ਇਹੋ ਜਿਹੇ ਵੀ ਹੁੰਦੇ ਨੇ ਰਿਸ਼ਤੇ

-ਪ੍ਰੀਤਮਾ ਦੋਮੇਲ

ਅੱਜ ਮੈਂ ਤੁਹਾਡੇ ਨਾਲ ਉਹ ਗੱਲਾਂ ਕਰਾਂਗੀ, ਜੋ ਕਹਾਣੀਆਂ ਵਰਗੀਆਂ ਹਨ, ਪਰ ਕਹਾਣੀਆਂ ਨਹੀਂ, ਸੱਚੀਆਂ ਹਨ। ਪਿਛਲੀ ਸਦੀ ਦੀ ਗੱਲ ਹੈ। ਅਸੀਂ ਛੇ ਭੈਣ ਭਰਾ, ਸਾਡੀ ਮਾਂ ਤੇ ਪਿਤਾ ਆਪਣੇ ਜੱਦੀ ਪਿੰਡ ਮੇਰੇ ਵੱਡੇ ਭਰਾ ਦੇ ਵਿਆਹ 'ਤੇ ਗਏ ਸਾਂ। ਅਸੀਂ ਸਭ ਪੜ੍ਹਨ ਵਾਲੇ ਬੱਚੇ ਸਾਂ। ਪਿਤਾ ਜੀ ਬਾਹਰ ਨੌਕਰੀ ਕਰਦੇ ਅਤੇ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਵਿੱਚ ਪਿੰਡ ਆਪਣੇ ਘਰ ਜਾਂਦੇ। ਘਰ ਵਿੱਚ ਦਾਦਾ-ਦਾਦੀ, ਚਾਚਾ-ਚਾਚੀ ਤੇ ਉਨ੍ਹਾਂ ਦੇ ਪੰਜ ਬੱਚੇ ਰਹਿੰਦੇ ਸਨ। ਆਪੋ ਆਪਣੇ ਸਹੁਰਿਆਂ ਤੋਂ ਪੇਕੇ ਆਉਂਦੀਆਂ ਜਾਂਦੀਆਂ ਮੇਰੀਆਂ ਚਾਰ ਭੂਆ ਤੇ ਉਨ੍ਹਾਂ ਦੇ ਬੱਚੇ ਘਰ ਵਿੱਚ ਰੌਣਕਾਂ ਲਾਈ ਰੱਖਦੇ। ਘਰ ਤੋਂ ਬਾਹਰ ਨਿਕਲਦੇ ਹੀ ਟੋਬੇ ਦੇ ਪਰਲੇ ਸਿਰੇ 'ਤੇ ਸਾਡਾ ਵਾੜਾ ਸੀ। ਨਾਲ ਲੱਗਦੇ ਸਾਡੇ ਖੇਤ ਸਨ। ਅੰਬਾਂ ਦਾ ਬਾਗ ਅਤੇ ਹੇਠਾਂ ਉਤਰਦੀ ਨਹਿਰ ਸਰਹਿੰਦ। ਇਹ ਬਹੁਤ ਪਿਆਰੀ ਤੇ ਅਦਭੁਤ ਸਥਿਤੀ ਹੈ ਸਾਡੇ ਪਿੰਡ ਦੀ। ਸਾਨੂੰ ਇਥੇ ਆਉਣਾ ਬਹੁਤ ਚੰਗਾ ਲੱਗਦਾ ਸੀ। ਘਰ ਵਾਲੇ ਵੀ ਸਾਨੂੰ ਮਿਲ ਕੇ ਬਹੁਤ ਖੁਸ਼ ਹੁੰਦੇ ਸਨ। ਘਰ ਵਿੱਚ ਮੇਲੇ ਵਰਗਾ ਮਾਹੌਲ ਬਣਿਆ ਰਹਿੰਦਾ ਸੀ। ਹੱਸਦੇ ਖੇਡਦੇ, ਖਾਂਦੇ ਪੀਂਦੇ ਪਤਾ ਹੀ ਨਾ ਲੱਗਦਾ ਕਿ ਕਦੋਂ ਛੁੱਟੀਆਂ ਮੁੱਕ ਜਾਂਦੀਆਂ ਅਤੇ ਅੱਖਾਂ ਵਿੱਚ ਅੱਥਰੂ ਭਰ ਕੇ ਅਗਲੇ ਸਾਲ ਦੀਆਂ ਛੁੱਟੀਆਂ ਦੀ ਆਸ ਵਿੱਚ ਅਸੀਂ ਵਿਦਾ ਹੋ ਜਾਂਦੇ।

ਇਸ ਵਾਰ ਇੰਦਾਂ ਨਾ ਹੋਇਆ। ਨਵੀਂ ਵਿਆਹੀ ਭਾਬੀ ਜੇ ਬੀ ਟੀ ਦੀ ਪੜ੍ਹਾਈ ਕਰ ਰਹੀ ਸੀ ਤੇ ਉਸ ਦੀ ਟਰੇਨਿੰਗ ਦੇ ਹਾਲਾਂ ਛੇ ਮਹੀਨੇ ਰਹਿੰਦੇ ਸਨ। ਉਸ ਦਾ ਸਕੂਲ ਸਾਡੇ ਪਿੰਡ ਦੇ ਨੇੜੇ ਸੀ। ਫੈਸਲਾ ਹੋਇਆ ਕਿ ਉਸ ਦੀ ਪੜ੍ਹਾਈ ਖਤਮ ਹੋਣ ਤੱਕ ਅਸੀਂ ਸਾਰੇ ਇਥੇ ਰਹਾਂਗੇ। ਇਕ ਵਜ੍ਹਾ ਹੋਰ ਸੀ। ਸਾਹਮਣੇ ਵਾਲੇ ਘਰ ਦੀ ਭੂਆ ਰਤਨੀ ਦਾ ਬੇਟਾ ਅਰਜੁਨ ਬਾਈ ਸਾਡੇ ਪਿਤਾ ਜੀ ਦਾ ਜਮਾਤੀ ਤੇ ਹਮ-ਉਮਰ ਸੀ। ਉਸ ਨੇ ਭੇਤ-ਭਰੇ ਲਹਿਜ਼ੇ ਵਿੱਚ ਪਿਤਾ ਜੀ ਨੂੰ ਕਿਹਾ, 'ਦੇਖ, ਤੂੰ ਆਪਣੇ ਟੱਬਰ ਨੂੰ ਇਥੇ ਹੀ ਛੱਡ ਜਾ। ਬਹੂ ਦੀ ਪੜ੍ਹਾਈ ਦਾ ਬਹਾਨਾ ਹੈ। ਤੇਰੇ ਭਾਈ ਦੇ ਮਨ ਵਿੱਚ ਖੋਟ ਹੈ ਜਿਸ ਦਾ ਤੈਨੂੰ ਜਲਦੀ ਪਤਾ ਲੱਗ ਜੂ।' ਪਿਤਾ ਜੀ ਦੇ ਕੰਨਾਂ ਵਿੱਚ ਸੱਜਿਓਂ ਖੱਬਿਓਂ ਏਦਾਂ ਦੀਆਂ ਹੋਰ ਵੀ ਕਈ ਗੱਲਾਂ ਪਈਆਂ। ਇਸ ਲਈ ਅਸੀਂ ਸਾਰੇ ਪਿੰਡ ਵਿੱਚ ਰਹਿ ਗਏ ਤਾਂ ਘਰ ਵਾਲਿਆਂ ਦਾ ਰੰਗ ਢੰਗ ਹੀ ਬਦਲ ਗਿਆ। ਕਿੱਥੇ ਉਹ ਸਾਰੀ ਫਸਲ ਬੀਜਦੇ ਵੇਚਦੇ, ਵਰਤਦੇ ਸਨ ਤੇ ਬਾਪੂ ਜੀ ਵੱਲੋਂ ਭੇਜੇ ਹੋਏ ਰੁਪਏ ਨਾਲ ਹੋਰ ਵਿਆਹ ਕਾਰਜ ਤੇ ਧੀਆਂ ਭੈਣਾਂ ਦਾ ਦੇਣ ਲੈਣ ਚੱਲਦਾ ਸੀ ਤੇ ਕਿੱਥੇ ਉਨ੍ਹਾਂ ਨੂੰ ਸਾਡੇ ਪੂਰੇ ਟੱਬਰ ਨੂੰ ਖੁਆਉਣਾ-ਪਿਆਉਣਾ ਪੈ ਗਿਆ। ਚਾਚੇ ਨੇ ਕਿਹਾ, 'ਮੈਨੂੰ ਵੱਖ ਕਰ ਦਿਓ, ਮੈਂ ਨਹੀਂ ਰਹਿਣਾ ਇਨ੍ਹਾਂ ਨਾਲ।' ਬਟਵਾਰਾ ਹੋ ਗਿਆ। ਅਜੀਬ ਵੰਡ ਸੀ। ਸਾਨੂੰ ਇਕ ਟੁੱਟਿਆ ਹੋਇਆ ਡੰਗਰਾਂ ਵਾਲਾ ਕੋਠਾ ਦੇ ਦਿੱਤਾ, ਜਿਸ ਵਿੱਚ ਨਾ ਕੋਈ ਮੰਜਾ ਸੀ, ਨਾ ਬਿਸਤਰਾ, ਨਾ ਖਾਣ ਪਕਾਉਣ ਲਈ ਭਾਂਡੇ। ਕਿੱਲਿਆ 'ਤੇ ਬੰਨ੍ਹੀਆਂ ਪੰਜ ਲਵੇਰੀਆਂ, ਦੋ ਵਲਾਇਤੀ ਗਊਆਂ ਅਤੇ 4-4 ਸਾਨ੍ਹਾਂ ਵਰਗੇ ਬੈਲਾਂ ਵਿੱਚੋਂ ਇਕ ਵੀ ਡੰਗਰ ਸਾਡੇ ਹਿੱਸੇ ਨਾ ਆਇਆ। ਜ਼ਮੀਨ ਵੱਲੋਂ ਕਹਿ ਦਿੱਤਾ ਗਿਆ ਕਿ ਬੀਜੀ ਹੋਈ ਫਸਲ ਵੱਢਣ ਤੋਂ ਬਾਅਦ ਅਗਲੀ ਫਸਲ ਵੇਲੇ ਜ਼ਮੀਨ ਵੰਡੀ ਜਾਵੇਗੀ।

ਬਾਪੂ ਜੀ ਸਾਨੂੰ ਘਰ ਛੱਡ ਕੇ ਨੌਕਰੀ 'ਤੇ ਜਾ ਚੁੱਕੇ ਸਨ ਤੇ ਰਹਿ ਗਈ ਮੇਰੀ ਮਾਂ। ਉਸ ਬੇਚਾਰੀ ਕੋਲ ਢੱਠਾ ਜਿਹਾ ਮਕਾਨ ਸੀ। ਉਸ ਨੂੰ ਆਪਣੇ ਛੇ ਬੱਚਿਆਂ ਸਮੇਤ ਉਥੇ ਰਹਿਣਾ ਪੈ ਰਿਹਾ ਸੀ। ਕੋਲ ਨਾ ਖਾਣ ਪਕਾਉਣ ਲਈ ਭਾਂਡੇ ਸਨ, ਨਾ ਸੌਣ ਲਈ ਮੰਜੇ ਬਿਸਤਰੇ ਤੇ ਨਾ ਖਾਣ ਪੀਣ ਦਾ ਸਾਮਾਨ। ਉਹ ਡੌਰ ਭੌਰ ਹੋਈ ਉਸ ਮਿੱਟੀ-ਮਿੱਟੀ ਹੋਣ ਘਰ ਦੇ ਬਰਾਂਡੇ ਵਿੱਚ ਬੈਠੀ ਆਪਣੇ ਭੁੱਖੇ ਬੱਚਿਆਂ ਦੇ ਮੂੰਹਾਂ ਵੱਲ ਬਿੱਟ-ਬਿੱਟ ਤੱਕੀ ਜਾ ਰਹੀ ਸੀ। ਮੇਰੀਆਂ ਛੋਟੀਆਂ ਭੈਣਾਂ ਭੁੱਖ ਕਾਰਨ ਰੋਣ ਲੱਗ ਪਈਆਂ ਸਨ। ਪਤਾ ਨਹੀਂ ਮੇਰੀ ਮਾਂ ਵਿੱਚ ਕਿੱਥੋਂ ਹਿੰਮਤ ਆ ਗਈ। ਉਸ ਨੇ ਰੋਂਦੀਆਂ ਹੋਈਆਂ ਆਪਣੀਆਂ ਧੀਆਂ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, 'ਨੀਂ ਚੰਦਰੀਓ! ਕਿਉਂ ਰੋਂਦੀਆਂ ਹੋ? ਜਿਉਂਦਾ ਰਹੇ ਤੁਹਾਡਾ ਕਮਾਊ ਬਾਪ ਤੇ ਤੁਹਾਡੇ ਭਰਾ। ਕੋਈ ਹੱਥ ਦੀ ਭਾਵੇਂ ਖੋਹ ਲਊ, ਮੱਥੇ ਦੀ ਖੋਹਣੋਂ ਤਾਂ ਰਿਹਾ।'

ਫਿਰ ਅਸੀਂ ਸਭ ਨੇ ਮਿਲ ਕੇ ਘਰ ਨੂੰ ਝਾੜਿਆ ਪੂੰਝਿਆ। ਕੱਚੇ ਫਰਸ਼ ਨੂੰ ਗੋਬਰ ਨਾਲ ਲਿੰਪਿਆ ਅਤੇ ਨਾਲ ਵਾਲੇ ਘਰ ਦੇ ਨਲਕੇ ਤੋਂ ਪਾਣੀ ਲਿਆ ਕੇ ਸਾਨੂੰ ਸਭ ਨੂੰ ਪਿਲਾਇਆ। ਕਿਸੇ ਪੁਰਾਣੇ ਬਕਸੇ ਵਿੱਚੋਂ 2-4 ਭਾਂਡੇ ਲੱਭ ਕੇ ਤੇ ਪਿੰਡ ਦੀ ਦੁਕਾਨ ਤੋਂ ਇਕ ਦੋ ਡੰਗ ਲਈ ਖਾਣ ਪੀਣ ਦਾ ਸਾਮਾਨ ਲਿਆ ਕੇ ਸਾਨੂੰ ਸਭ ਨੂੰ ਰੋਟੀ ਖੁਆਈ। ਮਾਂ ਨੇ ਹਾਲਾਤ ਨਾਲ ਸਮਝੌਤਾ ਕਰ ਲਿਆ। ਫਿਰ ਹੌਲੀ-ਹੌਲੀ ਜ਼ਿੰਦਗੀ ਲੀਹ 'ਤੇ ਪੈ ਗਈ। ਬਸ ਕਮੀ ਸੀ ਤਾਂ ਕਿਸੇ ਦੁੱਧ ਦੇਣ ਵਾਲੇ ਪਸ਼ੂ ਦੀ ਜਿਹੜੀ ਕਿ ਅਜੀਬ ਤਰੀਕੇ ਨਾਲ ਪੂਰੀ ਹੋ ਗਈ। ਇਕ ਦਿਨ ਸਵੇਰੇ-ਸਵੇਰੇ ਮਾਂ ਨੇ ਦੇਖਿਆ ਕਿ ਉਨ੍ਹਾਂ ਦੇ ਵਿਹੜੇ ਵਿੱਚ ਇਕ ਪੂਛ ਕੱਟੀ ਹੋਈ ਗਾਂ ਖੜੀ ਹੈ। ਉਦੋਂ ਵਿਹੜਿਆਂ ਨੂੰ ਕੰਧਾਂ ਹੁੰਦੀਆਂ ਨਹੀਂ ਸਨ। ਮਾਂ ਨੇ ਸੋਚਿਆ, ਰਾਤ ਰੱਸਾ ਤੁੜਾ ਕੇ ਕਿਸੇ ਦੀ ਗਾਂ ਖੁੱਲ੍ਹੇ ਲਾਂਘੇ 'ਚੋਂ ਅੰਦਰ ਲੰਘ ਆਈ ਹੈ। ਛੋਟਾ ਭਰਾ ਡੰਡਾ ਮਾਰ ਕੇ ਭਜਾ ਕੇ ਨਹਿਰ 'ਤੇ ਛੱਡ ਆਇਆ।

ਅਗਲੇ ਦਿਨ ਸਵੇਰੇ ਉਹੀ ਗਾਂ ਫਿਰ ਸਾਡੇ ਵਿਹੜੇ ਦੀ ਪਰਲੀ ਗੁੱਠ ਨਾਲ ਲੱਗ ਕੇ ਖਲੋਤੀ ਸੀ। ਕਈ ਦਿਨ ਇਸੇ ਤਰ੍ਹਾਂ ਹੁੰਦਾ ਰਿਹਾ। ਅਖੀਰ ਮੇਰੀ ਮਾਂ ਨੇ ਕਿਹਾ, 'ਲੱਗਦਾ ਹੈ ਇਸ ਬੇਜ਼ੁਬਾਨ ਨੇ ਕੋਈ ਕਰਜ਼ਾ ਦੇਣਾ ਹੈ, ਜਿਸ ਨੂੰ ਲਾਹੁਣ ਲਈ ਇਹ ਸਾਡੇ ਘਰੋਂ ਨਹੀਂ ਜਾਂਦੀ। ਆਪਾਂ ਇਸ ਨੂੰ ਆਪਣੇ ਕੀਲੇ 'ਤੇ ਬੰਨ੍ਹ ਲਈਏ। ਉਸ ਨੇ 2-3 ਮਹੀਨਿਆਂ ਬਾਅਦ ਇਕ ਵੱਛੇ ਨੂੰ ਜਨਮ ਦਿੱਤਾ ਤੇ ਉਸ ਤੋਂ ਬਾਅਦ ਵੱਛੀ ਨੂੰ। ਇਸ ਤਰ੍ਹਾਂ ਆਉਂਦੇ ਸਾਲਾਂ ਵਿੱਚ ਸਾਡੇ ਘਰ ਦੁੱਧ ਹੋ ਗਿਆ ਤੇ ਹਲ ਜੋੜਨ ਲਈ ਬੈਲ ਵੀ। ਅੱਜ ਇੰਨੇ ਸਾਲਾਂ ਬਾਅਦ ਵੀ ਉਸ ਗਾਂ ਦੇ ਪੈਦਾ ਕੀਤੇ ਹੋਏ ਵੱਛੇ ਵੱਛੀਆਂ ਦੀਆਂ ਅਗਲੀਆਂ ਨਸਲਾਂ ਸਾਡੇ ਘਰ ਮੌਜੂਦ ਹਨ।

ਮੈਂ ਕਈ ਵਾਰ ਸੋਚਦੀ ਹਾਂ ਕਿ ਉਹ ਕੌਣ ਸੀ ਲੰਡੀ ਗਾਂ। ਰੱਬ ਵੱਲੋਂ ਭੇਜਿਆ ਕੋਈ ਵਰਦਾਨ ਜਾਂ ਸਾਡੇ ਅੱਲ੍ਹੇ ਜ਼ਖਮਾਂ 'ਤੇ ਫੈਹੇ ਰੱਖਣ ਵਾਲੀ ਕੋਈ ਮੱਲ੍ਹਮ। ਅੱਜ ਸਾਡੇ ਉਨ੍ਹਾਂ ਵਸਦੇ ਰਸਦੇ ਘਰਾਂ ਦੀਆਂ ਨੀਂਹਾਂ ਵਿੱਚ ਜੋ ਤਰੇੜਾਂ ਆਪਣਿਆਂ ਨੇ ਪਾਈਆਂ ਸਨ, ਕੀ ਉਹ ਕਦੇ ਭਰ ਸਕਣਗੀਆਂ? ਭਾਵੇਂ ਉਹ ਤਰੇੜਾਂ ਪਾਉਣ ਵਾਲੇ ਬੀਤੇ ਦੀਆਂ ਗੁਮਨਾਮ ਵਾਦੀਆਂ ਵਿੱਚ ਜਾ ਕੇ ਕਿਧਰੇ ਗੁਆਚ ਗਏ ਹਨ, ਪਰ ਉਨ੍ਹਾਂ ਦੇ ਵਤੀਰੇ ਕਾਰਨ ਹਾਲੇ ਵੀ ਦਿਲ ਵਿੱਚ ਚੀਸ ਜਿਹੀ ਉਠਦੀ ਹੈ।















# ਕੋਈ ਵਿਰਲਾ ਹੀ ਗੁਰਬਤ ਦਾ ਮੁਕਾਬਲਾ ਕਰ ਕੇ ਸਫਲ ਹੁੰਦੈ

-ਗੁਰਦੀਪ ਸਿੰਘ ਢੁੱਡੀ



ਮੇਰੇ ਪਿੰਡ ਪਹਿਲਾਂ ਹਾਈ ਸਕੂਲ ਸੀ। ਲਾਗਲੇ ਪਿੰਡ ਕੋਟ ਸੁਖੀਆ ਦਾ ਸਕੂਲ ਬਾਅਦ ਵਿੱਚ ਹਾਈ ਹੋਇਆ। ਦੋਵਾਂ ਪਿੰਡਾਂ ਵਿਚਕਾਰ ਕੇਵਲ ਦੋ ਕੁ ਮੀਲ ਦੀ ਵਿੱਥ ਹੈ। ਪਿੰਡ ਦੀਆਂ ਜ਼ਮੀਨਾਂ ਦੀਆਂ ਹੱਦਾਂ ਇੱਕ-ਦੂਸਰੇ ਨਾਲ ਲੱਗਦੀਆਂ ਹੋਣ ਕਰ ਕੇ ਲੋਕਾਂ ਦਾ ਆਪੋ ਵਿੱਚ ਮਿਲਣ-ਗਿਲਣ ਸੀ। ਦੋਵਾਂ ਪਿੰਡਾਂ ਵਿੱਚ ਲੱਗਣ ਵਾਲੇ ਛੋਟੇ ਮੇਲਿਆਂ ਵਿੱਚ ਦੋਵਾਂ ਪਿੰਡਾਂ ਦੇ ਲੋਕ ਇਕੱਠੇ ਹੁੰਦੇ ਸਨ। ਗੱਲ ਅੱਜ ਤੋਂ ਚਾਲੀ ਸਾਲ ਪਹਿਲਾਂ ਦੀ ਹੈ। ਉਨ੍ਹਾਂ ਦਿਨਾਂ ਵਿੱਚ ਸਰਕਾਰੀ ਸਕੂਲ ਵਿੱਚ ਪੜ੍ਹਨਾ ਵੀ ਮਾਣ ਵਾਲੀ ਗੱਲ ਹੋਇਆ ਕਰਦੀ ਸੀ। ਦੋਵਾਂ ਹੀ ਪਿੰਡਾਂ ਦੇ ਹਾਈ ਸਕੂਲਾਂ ਵਿੱਚ ਸਮੇਂ ਅਨੁਸਾਰ ਪੜ੍ਹਾਈ ਦਾ ਪੱਧਰ ਵਾਹਵਾ ਚੰਗਾ ਸੀ। ਖੇਡਾਂ ਵਿੱਚ ਮੇਰੇ ਪਿੰਡ ਦੇ ਸਕੂਲ ਦੀ ਫੁੱਟਬਾਲ ਦੀ ਖੇਡ ਚੰਗੀ ਹੁੰਦੀ ਸੀ ਅਤੇ ਕੋਟ ਸੁਖੀਆ ਸਕੂਲ ਦੇ ਖਿਡਾਰੀ ਵਾਲੀਬਾਲ ਬਹੁਤ ਵਧੀਆ ਖੇਡਿਆ ਕਰਦੇ ਸਨ। ਦੋਵਾਂ ਸਕੂਲਾਂ ਦੇ ਵਿਦਿਆਰਥੀ ਆਪੋ-ਆਪਣੀ ਖੇਡ ਵਿੱਚ ਪੰਜਾਬ ਪੱਧਰ ਤੱਕ ਖੇਡਣ ਲਈ ਜਾਇਆ ਕਰਦੇ ਸਨ। ਦੋਵਾਂ ਪਿੰਡਾਂ ਦੇ ਵਿਦਿਆਰਥੀਆਂ ਦੀ ਇੱਕ ਦੂਜੇ ਨਾਲ ਜਾਣ ਪਛਾਣ ਆਪਣੇ ਹੀ ਪਿੰਡ ਵਰਗੀ ਸੀ। ਇਸ ਤਰ੍ਹਾਂ ਅਕਸਰ ਵਿਦਿਆਰਥੀਆਂ ਦਾ ਆਪਸੀ ਮੇਲ-ਮਿਲਾਪ ਬਣਿਆ ਹੋਇਆ ਸੀ।

ਸਾਡੇ ਪਿੰਡ ਦਾ ਵੀਰ ਸਿੰਘ ਫੁੱਟਬਾਲ ਦੀ ਥਾਂ ਵਾਲੀਬਾਲ ਖੇਡਿਆ ਕਰਦਾ ਸੀ ਤੇ ਕੋਟ ਸੁਖੀਆ ਸਕੂਲ ਵਿੱਚ ਪੜ੍ਹਦਾ ਸੀ। ਅਸਲ ਵਿੱਚ ਕੋਟ ਸੁਖੀਆ ਸਕੂਲ ਵਿੱਚ ਪੜ੍ਹਨ ਲੱਗਣ ਦਾ ਕਾਰਨ ਉਸ ਦੀ ਖੇਡ ਸੀ। ਸਕੂਲ ਵਾਲੇ ਉਸ ਨੂੰ ਉਚੇਚੇ ਤੌਰ 'ਤੇ ਲੈ ਗਏ ਸਨ। ਵੀਰ ਸਿੰਘ ਗੁਰਬਤ ਮਾਰੇ ਮਜ਼ਦੂਰ ਪਰਵਾਰ ਦਾ ਲੜਕਾ ਸੀ। ਦਸਵੀਂ ਜਮਾਤ ਤੱਕ ਉਹ ਵਾਲੀਬਾਲ ਦਾ ਚੰਗਾ ਖਿਡਾਰੀ ਸੀ। ਗੁਰਬਤ ਦੇ ਬਾਵਜੂਦ ਮਾਪਿਆਂ ਨੇ ਅਗਲੀ ਪੜ੍ਹਾਈ ਲਈ ਉਸ ਨੂੰ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਭੇਜ ਦਿੱਤਾ। ਵੀਰ ਸਿੰਘ ਸਰੀਰਕ ਪੱਖੋਂ ਪਹਿਲਾਂ ਹੀ ਕਮਜ਼ੋਰ ਸੀ ਅਤੇ ਫਿਰ ਦਿਨੋ-ਦਿਨ ਹੋਰ ਕਮਜ਼ੋਰ ਹੁੰਦਾ ਗਿਆ। ਕਾਲਜ ਵਿੱਚ ਵੀ ਉਹ ਵਾਲੀਬਾਲ ਖੇਡਦਾ ਸੀ। ਟੀਮ ਵਿੱਚ ਉਸ ਦਾ ਨਾਂਅ ਚੰਗੇ ਖਿਡਾਰੀਆਂ ਵਿੱਚ ਆਉਂਦਾ ਸੀ। ਕਾਲਜ ਵੱਲੋਂ ਖੇਡਣ ਜਾਣ ਵਾਲੀ ਟੀਮ ਦੀ ਚੋਣ ਹੋਈ ਤੇ ਉਹ ਖਿਡਾਰੀਆਂ ਵਿੱਚ ਚੁਣਿਆ ਗਿਆ, ਪਰ ਖੇਡਣ ਜਾਣ ਵਾਸਤੇ ਲੋੜੀਂਦੇ ਖਰਚੇ ਦੀ ਅਣਹੋਂਦ ਕਾਰਨ ਉਹ ਨਾ ਜਾ ਸਕਿਆ। ਉਹ ਨਿਰ-ਉਤਸ਼ਾਹਤ ਹੋ ਗਿਆ। ਕਾਲਜ ਪੜ੍ਹਨ ਜਾਂਦਾ ਉਹ ਇਸ ਤਰ੍ਹਾਂ ਮਹਿਸੂਸ ਕਰਦਾ, ਜਿਵੇਂ ਕਿਤੇ ਮਜ਼ਦੂਰੀ ਕਰਨ ਜਾ ਰਿਹਾ ਹੋਵੇ। ਬਾਅਦ ਵਿੱਚ ਪਤਾ ਲੱਗਿਆ ਕਿ ਉਹ ਅਫੀਮ ਖਾਣ ਲੱਗ ਪਿਆ ਹੈ। ਇਸ ਤਰ੍ਹਾਂ ਉਹ ਆਪਣੀ ਬੀ ਏ ਤੱਕ ਦੀ ਪੜ੍ਹਾਈ ਵੀ ਨਾ ਕਰ ਸਕਿਆ। ਸਮੇਂ ਦੇ ਗੁਜ਼ਰਨ ਨਾਲ ਉਹ ਹੋਰ ਨਸ਼ਿਆਂ ਵਿੱਚ ਪੈ ਗਿਆ ਅਤੇ ਜਲਦੀ ਹੀ ਉਸ ਦੀ ਜੀਵਨ ਲੀਲ੍ਹਾ ਖਤਮ ਹੋ ਗਈ।

ਉਸ ਦਾ ਚੇਤਾ ਮੈਨੂੰ 2016 ਵਿੱਚ ਆਇਆ। ਮੇਰੇ ਸਕੂਲ ਦੀ ਇੱਕ ਲੜਕੀ ਰੰਗ ਦੀ ਪੱਕੀ, ਜੁੱਸੇ ਦੀ ਕਮਜ਼ੋਰ, ਪਰ ਉਸ ਦੀ ਖੇਡ ਭਾਵਨਾ ਅਤੇ ਸ਼ੇਰਨੀ ਵਰਗੀ ਤੇਜ਼ੀ ਦੇਖਣ ਵਾਲੀ ਹੁੰਦੀ ਸੀ। ਕਬੱਡੀ ਖੇਡਣ ਲੱਗਿਆਂ ਉਹ ਵੇਖਣ ਵਿੱਚ ਆਪਣੇ ਤੋਂ ਤੱਕੜੀਆਂ ਜਾਪਦੀਆਂ ਲੜਕੀਆਂ ਨੂੰ ਨੇੜੇ ਨਹੀਂ ਸੀ ਲੱਗਣ ਦਿੰਦੀ। ਜ਼ਿਲ੍ਹੇ ਦੀ ਕਬੱਡੀ ਟੀਮ ਦੀ ਅਗਵਾਈ ਕਰਦੀ ਹੋਈ ਦੇ ਉਸ ਦੇ ਮੋਢੇ 'ਤੇ ਸੱਟ ਲੱਗ ਗਈ। ਇੱਕ ਦਿਨ ਸਕੂਲ ਵਿੱਚ ਹੋਣ ਵਾਲੀ ਐਥਲੈਟਿਕਸ ਮੀਟ ਵਿੱਚ ਜਦੋਂ ਉਸ ਲੜਕੀ ਨੂੰ ਖੇਡਦੀ ਹੋਈ ਨੂੰ ਨਾ ਵੇਖਿਆ ਤਾਂ ਮੈਂ ਆਪਣੇ ਸਕੂਲ ਦੀ ਖੇਡ ਅਧਿਆਪਕਾ ਨੂੰ ਉਸ ਬਾਰੇ ਪੁੱਛਿਆ। ਉਨ੍ਹਾਂ ਦੱਸਿਆ ਕਿ ਮੋਢੇ 'ਤੇ ਸੱਟ ਲੱਗਣ ਕਰ ਕੇ ਉਹ ਘਰ ਹੈ। ਘਰੇ ਅੰਤਾਂ ਦੀ ਗਰੀਬੀ ਹੈ ਅਤੇ ਕਿਸੇ ਨੇ ਉਸ ਦਾ ਇਲਾਜ ਵੀ ਨਹੀਂ ਕਰਵਾਉਣਾ। ਉਹ ਪੰਜਾਬ ਖੇਡਣ ਵੀ ਨਹੀਂ ਜਾ ਸਕਦੀ। ਜੇ ਆਪਾਂ ਕੋਈ ਮਦਦ ਕਰੀਏ ਤਾਂ ਆਪਣੀ ਟੀਮ ਪੰਜਾਬ 'ਚੋਂ ਪੁਜ਼ੀਸ਼ਨ ਹਾਸਲ ਕਰ ਸਕਦੀ ਹੈ। ਮੈਂ ਆਪਣੇ ਦੋ ਅਧਿਆਪਕਾਂ ਨਾਲ ਉਸ ਦੇ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਅਸੀਂ ਉਸ ਲਈ ਦੋ ਕਿਲੋ ਦੇਸੀ ਘਿਓ ਅਤੇ ਪੰਜ ਹਜ਼ਾਰ ਦੇ ਕਰੀਬ ਨਕਦ ਦੇਣ ਦਾ ਟੀਚਾ ਰੱਖ ਲਿਆ। ਭਾਲਦੇ ਹੋਏ ਅਸੀਂ ਉਸ ਦੇ ਘਰ ਗਏ। ਵੇਖਦੇ ਹਾਂ ਕਿ ਉਹ ਇੱਕ ਅਜਿਹੀ ਥਾਂ ਰਹਿ ਰਹੀ ਸੀ, ਜਿੱਥੇ ਜਿਉਣ ਦੀਆਂ ਹਾਲਤਾਂ ਨਾਂਹ ਦੇ ਬਰਾਬਰ ਸਨ। ਘਰ ਵਿੱਚ ਮੰਜਾ ਨਹੀਂ ਸੀ ਅਤੇ ਉਸ ਨੇ ਜ਼ਮੀਨ 'ਤੇ ਚਾਦਰ ਵਿਛਾਈ ਹੋਈ ਸੀ। ਬਿਜਲੀ ਵੀ ਨਹੀਂ ਸੀ। ਸਾਨੂੰ ਵੇਖ ਕੇ ਉਹ ਖੜ੍ਹੀ ਹੋ ਗਈ। ਉਸ ਦੀਆਂ ਅੱਖਾਂ ਵਿੱਚ ਅੰਤਾਂ ਦੀ ਲਾਚਾਰੀ ਵੇਖੀ। ਮੋਢੇ ਦੀ ਪੀੜ ਤੋਂ ਇਲਾਵਾ ਮਾਨਸਿਕ ਪੀੜ ਨੇ ਉਸ ਦੇ ਚਿਹਰੇ 'ਤੇ ਅੰਤਾਂ ਦੀ ਉਦਾਸੀ ਪੈਦਾ ਕੀਤੀ ਹੋਈ ਸੀ।

ਸਾਨੂੰ ਵੇਖ ਕੇ ਜਿਵੇਂ ਉਸ ਦਾ ਰੋਣ ਨਿਕਲ ਗਿਆ ਸੀ। ਉਸ ਦੀ ਮਾਂ ਗੁਆਂਢੀਆਂ ਘਰੋਂ ਮੰਜਾ ਲੈਣ ਜਾਣ ਲੱਗੀ ਤਾਂ ਅਸੀਂ ਖੇਚਲ ਨਾ ਕਰਨ ਲਈ ਆਖ ਕੇ ਮੋੜ ਲਿਆ। ਲੜਕੀ ਦਾ ਹਾਲ-ਚਾਲ ਪੁੱਛਿਆ। ਘਿਓ ਤੇ ਨਕਦੀ ਦੇ ਕੇ ਉਸ ਦੀ ਮਾਂ ਨੂੰ ਇਲਾਜ ਕਰਾਉਣ ਲਈ ਆਖਿਆ। ਉਸ ਨੂੰ ਜਲਦੀ ਜਲਦੀ ਠੀਕ ਹੋ ਕੇ ਸਕੂਲ ਆਉਣ ਲਈ ਆਖ ਕੇ ਅਸੀਂ ਵਾਪਸ ਆ ਗਏ। ਮੇਰੇ ਦਿਮਾਗ ਵਿੱਚ ਘੁੰਮਣ-ਘੇਰੀਆਂ ਚੱਲ ਪਈਆਂ। ਬਹੁਤ ਪਹਿਲਾਂ ਦਾ ਸਮਾਂ ਮੈਨੂੰ ਯਾਦ ਆ ਗਿਆ। ਮੈਨੂੰ ਮੇਰੇ ਪਿੰਡ ਦਾ ਵਾਲੀਬਾਲ ਦਾ ਖਿਡਾਰੀ ਵੀਰ ਸਿੰਘ ਯਾਦ ਆ ਗਿਆ। ਮੈਨੂੰ ਲੱਗਾ ਕਿਤੇ ਕੱਲ੍ਹ ਨੂੰ ਇਸ ਲੜਕੀ ਨਾਲ ਵੀਰ ਸਿੰਘ ਵਾਲੀ ਨਾ ਹੋਵੇ। ਗੁਰਬਤ ਆਮ ਤੌਰ 'ਤੇ ਗੁਣਵੱਤਾ 'ਤੇ ਭਾਰੂ ਪੈ ਜਾਂਦੀ ਹੈ। ਕੋਈ ਵਿਰਲਾ ਵਾਂਝਾ ਇਸ ਦਾ ਮੁਕਾਬਲਾ ਕਰ ਕੇ ਸਫਲਤਾ ਹਾਸਲ ਕਰਦਾ ਹੈ। ਖੈਰ! ਬਾਅਦ ਵਿੱਚ ਪਤਾ ਲੱਗਿਆ ਕਿ ਲੜਕੀ ਨੂੰ ਮਾਪਿਆਂ ਨੇ ਪੜ੍ਹਨੋਂ ਹਟਾ ਕੇ ਉਸ ਦਾ ਵਿਆਹ ਕਰ ਦਿੱਤਾ ਸੀ। ਰੱਬ ਖੈਰ ਕਰੇ!

## ਮਿੰਨੀ ਕਹਾਣੀ

## ਕਰਜ਼ਾ ਮੁਆਫੀ

-ਜਗਤਾਰ ਗਰੇਵਾਲ 'ਸਕਰੌਦੀ'



ਬਲਵੰਤ ਸਿੰਘ ਪਿੰਡ ਵਿੱਚ ਗਿਣੇ ਚੁਣੇ ਅਮੀਰਾਂ ਵਿੱਚੋਂ ਇਕ ਸੀ। ਸਰਕਾਰੇ ਦਰਬਾਰੇ ਪਹੁੰਚ ਹੋਣ ਕਰਕੇ ਉਸ ਦੇ ਦੋਵੇਂ ਪੁੱਤਰ ਸਰਕਾਰੀ ਅਹੁਦਿਆਂ 'ਤੇ ਬਿਰਾਜਮਾਨ ਸੀ। ਜ਼ਮੀਨ ਜਾਇਦਾਦ ਵੀ ਚੰਗੀ ਸੀ, ਪਰ ਸਾਰੀ ਠੇਕੇ 'ਤੇ ਦੇ ਕੇ ਆਪ ਸਰਦਾਰੀ ਨਾਲ ਜੀਵਨ ਬਤੀਤ ਕਰ ਰਿਹਾ ਸੀ।

ਕੱਲ੍ਹ ਬਲਵੰਤ ਸਿੰਘ ਹੱਥ ਵਿੱਚ ਆਧਾਰ ਕਾਰਡ ਦੀ ਫੋਟੋ ਕਾਪੀ ਚੁੱਕੀ ਐਸ ਡੀ ਐਮ ਦਫਤਰ ਅੱਗੇ ਬੈਠਾ ਸੀ। ਉਸ ਨੂੰ ਬੈਠਾ ਵੇਖ ਮੈਂ ਵੀ ਕੋਲ ਜਾ ਬੈਠਿਆ। ਗੱਲਾਂ ਕਰਦੇ ਕਰਦੇ ਮੈਂ ਸੁਭਾਵਿਕ ਹੀ ਪੁੱਛ ਲਿਆ, 'ਬਾਬਾ ਜੀ, ਤੁਸੀਂ ਏਥੇ ਕਿਵੇਂ, ਤੁਹਾਡੇ ਤਾਂ ਕੰਮ ਅਕਸਰ ਫੋਨ 'ਤੇ ਹੋ ਜਾਂਦੇ ਨੇ?'

'ਕਰਜ਼ ਮੁਆਫੀ 'ਚ ਆਪਣਾ ਨਾਂ ਆਇਆ ਪੁੱਤਰਾ। ਅੱਜ ਐਸ ਡੀ ਐਮ ਸਾਬ੍ਹ ਨੇ ਬੁਲਾਇਆ ਸੀ ਆਧਾਰ ਕਾਰਡ ਦੀਆਂ ਫੋਟੋ ਕਾਪੀਆਂ ਲੈ ਕੇ।' ਬਲਵੰਤ ਸਿੰਘ ਨੇ ਸਾਰੀ ਗੱਲ ਸਮਝਾਈ।

ਦਰਅਸਲ ਉਸ ਨੇ ਆਪਣੇ ਨਾਮ ਸਿਰਫ ਦੋ ਏਕੜ ਜ਼ਮੀਨ ਰੱਖ ਕੇ ਬਾਕੀ ਸਾਰੀ ਜ਼ਮੀਨ ਪਰਵਾਰਕ ਮੈਂਬਰਾਂ ਦੇ ਨਾਮ ਕਰ ਰੱਖੀ ਸੀ। ਇਸੇ ਕਰਕੇ ਉਹਦਾ ਨਾਮ ਕਰਜ਼ਾ ਮੁਆਫੀ ਵਾਲੀ ਸੂਚੀ ਵਿੱਚ ਆ ਗਿਆ ਸੀ।

ਸ਼ਹਿਰ ਤੋਂ ਘਰ ਆ ਕੇ ਮੈਂ ਟੈਲੀਵਿਜ਼ਨ ਵੇਖਣ ਬੈਠ ਗਿਆ। ਗੁਆਂਢ ਦੇ ਪਿੰਡ ਤੋਂ ਇਕ ਕਿਸਾਨ ਦੇ ਖੁਦਕੁਸ਼ੀ ਕਰਨ ਦੀ ਖਬਰ ਵਾਰ-ਵਾਰ ਦਿਖਾਈ ਜਾ ਰਹੀ ਸੀ। ਨਾਮ ਪੜ੍ਹਨ 'ਤੇ ਪਤਾ ਲੱਗਾ ਕਿ ਇਹ ਉਹੀ ਕਿਸਾਨ ਸੀ ਜਿਹੜਾ ਬਲਵੰਤ ਸਿੰਘ ਦੀ ਜ਼ਮੀਨ ਠੇਕੇ 'ਤੇ ਲੈ ਕੇ ਵਾਹੁੰਦਾ ਸੀ। ਦੋ ਲੱਖ ਦਾ ਕਰਜ਼ ਹੋਣ ਕਰਕੇ ਉਹ ਖੁਦਕੁਸ਼ੀ ਕਰ ਗਿਆ। ਲਗਾਤਾਰ ਵਧੇ ਜ਼ਮੀਨ ਦੇ ਠੇਕੇ, ਮਹਿੰਗਾਈ ਤੇ ਫਸਲ ਦਾ ਉਚਿਤ ਮੁੱਲ ਨਾ ਮਿਲਣ ਕਰਕੇ ਉਹ ਕਰਜ਼ਾਈ ਹੋ ਗਿਆ ਸੀ। ਮੇਰੀ ਸਮਝ ਤੋਂ ਇਹ ਗੱਲ ਹਾਲੇ ਤੱਕ ਬਾਹਰ ਸੀ ਕਿ ਕਰਜ਼ਾ ਮੁਆਫੀ ਦਾ ਅਸਲ ਹੱਕਦਾਰ ਕੌਣ ਸੀ।

## ਕ੍ਰਿਸ਼ਮਾ ਕੁਰਸੀ ਦਾ

-ਮਨਮੋਹਨ ਸਿੰਘ ਢਿੱਲੋਂ



ਉਸ ਨੇ ਭਾਵੇਂ ਕੁਰਸੀ 'ਤੇ ਬੈਠ ਕੇ ਸਰਕਾਰੀ ਨੌਕਰੀ ਦੀਆਂ ਕਦੇ ਵੀ ਸੇਵਾਵਾਂ ਨਹੀਂ ਸਨ ਨਿਭਾਈਆਂ, ਪਰ ਇਸੇ ਕੁਰਸੀ ਨੇ ਉਸ ਨੂੰ ਰੋਜ਼ਗਾਰ ਦਿਵਾਉਣ ਵਿੱਚ ਮਦਦ ਕੀਤੀ ਸੀ। ਇਸੇ ਲਈ ਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸੇਵਾਦਾਰ ਦੀ ਨੌਕਰੀ ਮਿਲਣ ਤੋਂ ਬਾਅਦ ਉਹ ਰੋਜ਼ ਸਵੇਰੇ ਦਫਤਰ ਦੀ ਸਫਾਈ ਕਰਨ ਮਗਰੋਂ ਕੁਰਸੀ ਨੂੰ ਪ੍ਰਣਾਮ ਜ਼ਰੂਰ ਕਰਦਾ ਸੀ। ਫਰਕ ਸਿਰਫ ਏਨਾ ਸੀ ਕਿ ਕੁਰਸੀ 'ਤੇ ਬੈਠੇ ਕਿਸੇ ਵੱਡੇ ਬੰਦੇ ਨੇ ਉਸ ਦੀ ਸਿਫਾਰਸ਼ ਨਹੀਂ ਸੀ ਕੀਤੀ, ਸਗੋਂ ਖਾਲੀ ਕੁਰਸੀ ਹੀ ਗੁਰਮੁਖ ਸਿੰਘ ਨੂੰ ਨੌਕਰੀ ਦਿਵਾਉਣ ਲਈ ਜ਼ਰੀਆ ਬਣੀ ਸੀ। ਉਹ ਕਿਹਾ ਕਰਦਾ ਸੀ ਕਿ ਉਚ ਅਹੁਦੇ 'ਤੇ ਬੈਠੇ ਵੱਡੇ ਲੋਕ ਕਿਸੇ ਲਈ ਨੌਕਰੀ ਦੀ ਸਿਫਾਰਸ਼ ਕਰਿਆ ਕਰਦੇ ਹਨ, ਪਰ ਮੈਨੂੰ ਨੌਕਰੀ ਕੁਰਸੀ ਦੀ ਵਜ੍ਹਾ ਨਾਲ ਹਾਸਿਲ ਹੋਈ ਹੈ, ਇਸ ਲਈ ਮੈਂ ਇਸ ਦਾ ਹਰ ਵੇਲੇ ਅਹਿਸਾਨਮੰਦ ਰਹਿੰਦਾ ਹਾਂ।

ਭਾਵੇਂ ਇਹ ਗੱਲ ਅਜੀਬ ਅਤੇ ਹਾਸੋਹੀਣੀ ਲੱਗਦੀ ਹੈ ਕਿ ਇੱਕ ਕੁਰਸੀ ਕਿਸੇ ਨੂੰ ਰੋਜ਼ਗਾਰ ਦਿਵਾਉਣ ਵਿੱਚ ਕਿਵੇਂ ਸਹਾਈ ਹੋ ਸਕਦੀ ਹੈ, ਪਰ ਗੁਰਮੁਖ ਸਿੰਘ ਦੇ ਸੰਬੰਧ ਵਿੱਚ ਇਹ ਗੱਲ ਬਿਲਕੁਲ ਸੱਚ ਹੈ ਕਿ ਕੁਰਸੀ ਨੇ ਉਸ ਨੂੰ ਰੋਜ਼ਗਾਰ ਵੀ ਦਿਵਾਇਆ ਤੇ ਸੇਵਾਮੁਕਤੀ ਮਗਰੋਂ ਉਸ ਨੇ ਪੈਨਸ਼ਨ ਆਨੰਦ ਮਾਣਿਆ ਸੀ।

ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਮੌਕੇ 24 ਨਵੰਬਰ 1969 ਨੂੰ ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਸੀ ਤਾਂ ਖਾਲਸਾ ਕਾਲਜ ਦੇ ਓਦੋਂ ਦੇ ਪ੍ਰਿੰਸੀਪਲ ਡਾਕਟਰ ਬਿਸ਼ਨ ਸਿੰਘ ਸਮੁੰਦਰੀ ਨੂੰ ਯੂਨੀਵਰਸਿਟੀ ਦਾ ਪਹਿਲਾ ਵਾਈਸ ਚਾਂਸਲਰ ਨਿਯੁਕਤ ਕੀਤਾ ਗਿਆ ਸੀ। ਯੂਨੀਵਰਸਿਟੀ ਨੂੰ ਜ਼ਮੀਨ ਖਾਲਸਾ ਕਾਲਜ ਵੱਲੋਂ ਦਿੱਤੀ ਗਈ ਸੀ। ਯੂਨੀਵਰਸਿਟੀ ਪ੍ਰਬੰਧਕੀ ਬਲਾਕ ਤਿਆਰ ਹੋਣ ਤੱਕ ਇਸ ਦਾ ਕੰਮ-ਕਾਜ ਖਾਲਸਾ ਕਾਲਜ ਦੇ ਖੇਤੀਬਾੜੀ ਵਿੱਚ ਹੁੰਦਾ ਰਿਹਾ ਅਤੇ ਸਮੁੰਦਰੀ ਹੋਰਾਂ ਦੀ ਰਿਹਾਇਸ਼ ਵੀ ਕਾਲਜ ਵਿੱਚ ਰਹੀ ਸੀ।

ਯੂਨੀਵਰਸਿਟੀ ਦੀ ਸਥਾਪਨਾ ਮਗਰੋਂ ਬੇਰੋਜ਼ਗਾਰਾਂ ਵਿੱਚ ਨੌਕਰੀ ਦੀ ਭੱਜ-ਦੌੜ ਸ਼ੁਰੂ ਹੋ ਗਈ। ਹਰ ਕੋਈ ਆਪੋ-ਆਪਣੇ ਯਤਨਾਂ ਨਾਲ ਨੌਕਰੀ ਲੈਣ ਨੂੰ ਯਤਨਸ਼ੀਲ ਸੀ। ਇਸੇ ਤਰ੍ਹਾਂ ਕਿਸੇ ਭਲੇ ਪੁਰਸ਼ ਨੇ ਗੁਰਮੁਖ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਵੀ ਯੂਨੀਵਰਸਿਟੀ ਵਿੱਚ ਨੌਕਰੀ ਲਈ ਕੋਸ਼ਿਸ਼ ਕਰ ਕੇ ਵੇਖੇ ਤੇ ਨਾਲ ਇਹ ਕਿਹਾ ਕਿ ਉਹ ਵੀ ਆਪਣੇ ਪੱਧਰ 'ਤੇ ਯਤਨ ਕਰੇਗਾ। ਇੱਕ ਦਿਨ ਉਸ ਵਿਅਕਤੀ ਨੇ ਗੁਰਮੁਖ ਸਿੰਘ ਨੂੰ ਕਿਹਾ ਕਿ ਉਹ ਸ਼ਾਮੀਂ ਪੰਜ ਵਜੇ ਤੋਂ ਬਾਅਦ ਖਾਲਸਾ ਕਾਲਜ ਵਿੱਚ ਰਹਿੰਦੇ ਫਲਾਣੇ ਪ੍ਰੋਫੈਸਰ ਨੂੰ ਮਿਲ ਕੇ ਆਵੇ। ਗੁਰਮੁਖ ਸਿੰਘ ਦੱਸੇ ਅਨੁਸਾਰ ਉਸ ਪ੍ਰੋਫੈਸਰ ਨੂੰ ਮਿਲਣ ਗਿਆ, ਜਦੋਂ ਉਹ ਪੁੱਜਿਆ ਤਾਂ ਕਾਲਜ ਬੰਦ ਹੋ ਚੁੱਕਾ ਸੀ। ਉਹ ਇੱਕ ਦਫਤਰ ਦੇ ਮੂਹਰਿਓਂ ਲੰਘ ਰਿਹਾ ਸੀ ਤਾਂ ਗੁਰਮੁਖ ਸਿੰਘ ਨੂੰ ਇੱਕ ਨਵੀਂ ਕੁਰਸੀ ਪਈ ਨਜ਼ਰ ਆਈ। ਉਹ ਸੋਚਣ ਲੱਗਿਆ ਕਿ ਬਾਹਰ ਪਈ ਕੁਰਸੀ ਕੋਈ ਚੁੱਕ ਕੇ ਨਾ ਲੈ ਜਾਵੇ, ਇਸ ਬਾਰੇ ਕਿਸੇ ਨੂੰ ਦੱਸਿਆ ਜਾਵੇ। ਇਸ ਦੌਰਾਨ ਕਾਲਜ ਦਾ ਕੋਈ ਪ੍ਰੋਫੈਸਰ ਉਥੋਂ ਲੰਘਿਆ ਤਾਂ ਗੁਰਮੁਖ ਸਿੰਘ ਨੇ ਉਸ ਨੂੰ ਕੁਰਸੀ ਬਾਰੇ ਦੱਸਿਆ। ਉਸ ਨੇ ਅਣਗਹਿਲੀ ਜਿਹੀ ਨਾਲ ਆਖ ਦਿੱਤਾ ਕਿ ਕੋਈ ਨਹੀਂ ਚੁੱਕਦਾ, ਪਈ ਰਹਿਣ ਦੇ। ਗੁਰਮੁਖ ਸਿੰਘ ਨੂੰ ਤਸੱਲੀ ਨਾ ਹੋਈ ਤੇ ਉਸ ਕਿਹਾ ਕਿ ਕੋਈ ਚੁੱਕ ਕੇ ਲਿਜਾ ਸਕਦਾ ਹੈ। ਪ੍ਰੋਫੈਸਰ ਨੇ ਖਿੱਝ ਕੇ ਕਿਹਾ, "ਸਾਹਮਣੇ ਪ੍ਰਿੰਸੀਪਲ ਦਾ ਘਰ ਹੈ, ਜਾ ਫਿਰ ਤੂੰ ਉਥੇ ਛੱਡ ਆ।"

ਗੁਰਮੁਖ ਸਿੰਘ ਨੇ ਕਿਹਾ ਮੰਨਦਿਆਂ ਕੁਰਸੀ ਸਿਰ ਉੱਤੇ ਚੁੱਕੀ ਅਤੇ ਪ੍ਰਿੰਸੀਪਲ ਸਾਹਿਬ ਦੇ ਘਰ ਵੱਲ ਤੁਰ ਪਿਆ। ਡਾਕਟਰ ਬਿਸ਼ਨ ਸਿੰਘ ਸਮੁੰਦਰੀ ਉਸ ਵੇਲੇ ਘਰ ਦੇ ਬਾਹਰ ਟਹਿਲ ਰਹੇ ਸਨ। ਉਨ੍ਹਾਂ ਦੂਰੋਂ ਵੇਖਿਆ ਕਿ ਕੋਈ ਨੌਜਵਾਨ ਕੁਰਸੀ ਚੁੱਕੀ ਆ ਰਿਹਾ ਹੈ। ਉਹ ਸੋਚਣ ਲੱਗੇ ਕਿ ਇਹ ਕੁਰਸੀ ਇਧਰ ਕਿਉਂ ਲਿਆ ਰਿਹਾ ਹੈ? ਗੁਰਮੁਖ ਸਿੰਘ ਨੇ ਡਾਕਟਰ ਸਾਹਿਬ ਲਾਗੇ ਕੁਰਸੀ ਰੱਖ ਦਿੱਤੀ ਅਤੇ ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ। ਉਨ੍ਹਾਂ ਦੇ ਕੁਝ ਪੁੱਛਣ ਤੋਂ ਪਹਿਲਾਂ ਉਸ ਨੇ ਕਿਹਾ, "ਸਾਹਿਬ ਜੀ, ਇਹ ਕੁਰਸੀ ਦਫਤਰ ਦੇ ਬਾਹਰ ਪਈ ਸੀ ਤੇ ਦਫਤਰ ਬੰਦ ਸੀ। ਮੈਂ ਸੋਚਿਆ ਕਿ ਕੋਈ ਚੁੱਕ ਨਾ ਲੈ ਜਾਵੇ। ਕਿਸੇ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਤੁਹਾਡੇ ਘਰ ਛੱਡ ਆਵਾਂ।"

ਡਾਕਟਰ ਸਮੁੰਦਰੀ ਉਸ ਦੀ ਭੋਲੇ-ਭਾਅ ਆਖੀ ਗੱਲ ਤੋਂ ਪ੍ਰਭਾਵਤ ਹੋਏ ਤੇ ਮੁਸਕਰਾ ਕੇ ਕਹਿਣ ਲੱਗੇ, "ਤੂੰ ਬੰਦਾ ਵਧੀਆ ਲੱਗਦੈਂ ਤੇ ਭੋਲੇ ਵੀ ਐਂ। ਕੀ ਕਰਦੈਂ ਹੁੰਨੈਂ?"

ਉਸ ਨੇ ਆਖਿਆ, "ਜੀ ਨੌਕਰੀ ਲਈ ਮੈਨੂੰ ਕਿਸੇ ਨੇ ਪ੍ਰੋਫੈਸਰ ਸਾਹਿਬ ਵੱਲ ਭੇਜਿਆ ਸੀ। ਰਾਹ ਵਿੱਚ ਦਫਤਰ ਦੇ ਬਾਹਰ ਪਈ ਇਹ ਕੁਰਸੀ ਦਿਸ ਪਈ। ਸੋਚਿਆ, 'ਪਹਿਲਾਂ ਕੁਰਸੀ ਟਿਕਾਣੇ ਪਹੁੰਚਾ ਦਿਆਂ ਫਿਰ ਉਨ੍ਹਾਂ ਨੂੰ ਮਿਲ ਲਵਾਂਗਾ।"

ਡਾਕਟਰ ਸਾਹਿਬ ਮੁਸਕੁਰਾਏ ਤੇ ਬੋਲੇ, "ਕਿੰਨਾ ਪੜ੍ਹਿਆਂ ਹੋਇਐਂ?"

ਗੁਰਮੁਖ ਸਿੰਘ ਬੋਲਿਆ, "ਜੀ ਪੰਜਾਬੀ ਚੰਗੀ ਤਰ੍ਹਾਂ ਪੜ੍ਹ-ਲਿਖ ਲੈਂਦਾ ਹਾਂ।"

"ਚੰਗਾ ਕੱਲ੍ਹ ਸਵੇਰੇ 10 ਵਜੇ ਮੇਰੇ ਦਫਤਰ ਆ ਜਾਵੀਂ'," ਉਨ੍ਹਾਂ ਆਖਿਆ।

ਗੁਰਮੁਖ ਸਿੰਘ ਨੂੰ ਲੱਗਿਆ ਕਿ ਕੁਰਸੀ ਨੇ ਉਹਦੀ ਸਿਫਾਰਸ਼ ਕਰ ਦਿੱਤੀ ਹੈ, ਸ਼ਾਇਦ ਨੌਕਰੀ ਮਿਲ ਜਾਵੇ। ਅਗਲੇ ਦਿਨ ਸਵੇਰੇ ਉਹ ਡਾਕਟਰ ਸਮੁੰਦਰੀ ਦੇ ਦਫਤਰ ਪੁੱਜ ਗਿਆ। ਉਨ੍ਹਾਂ ਸ਼ਾਬਾਸ਼ ਦਿੰਦਿਆਂ ਕਿਹਾ, 'ਤੂੰ ਇਮਾਨਦਾਰੀ ਵਿਖਾਈ ਏ। ਸਾਰੀ ਜ਼ਿੰਦਗੀ ਇਸੇ ਤਰ੍ਹਾਂ ਨੌਕਰੀ ਕਰਦਾ ਰਹੀਂ।' ਉਨ੍ਹਾਂ ਆਪਣੇ ਪੀ ਏ ਨੂੰ ਬੁਲਾ ਕੇ ਆਦੇਸ਼ ਦਿੱਤੇ ਕਿ ਗੁਰਮੁਖ ਸਿੰਘ ਨੂੰ ਜੁਆਇਨ ਕਰਵਾ ਲਵੋ ਤੇ ਇਸ ਦੀ ਡਿਊਟੀ ਸਮਝਾ ਦਿਓ। ਉਸ ਨੇ ਡਾਕਟਰ ਸਮੁੰਦਰੀ ਦਾ ਅਦਬ ਸਾਹਿਤ ਧੰਨਵਾਦ ਕੀਤਾ। ਉਨ੍ਹਾਂ ਨੇ ਅਗਾਂਹ ਹੋ ਕੇ ਉਸ ਦੇ ਮੋਢੇ 'ਤੇ ਹੱਥ ਧਰਦਿਆਂ ਧੀਰਜ ਨਾਲ ਕਿਹਾ, "ਇਮਾਨਦਾਰੀ ਹਮੇਸ਼ਾ ਇਨਸਾਨ ਦੇ ਰਸਤੇ ਰੋਸ਼ਨ ਕਰਦੀ ਹੈ ਤੇ ਉਬੜ-ਖਾਬੜ ਪੈਂਡੇ ਵਿੱਚ ਉਸ ਲਈ ਪ੍ਰੇਰਨਾ ਸਰੋਤ ਵੀ ਹੁੰਦੀ ਹੈ।"

ਉਦੋਂ ਗੁਰਮੁਖ ਸਿੰਘ ਨੂੰ ਨੌਕਰੀ ਮਿਲਣ ਦੀ ਇਸ ਗਾਥਾ ਦੀ ਚਰਚਾ ਸਾਰੇ ਪਾਸੇ ਹੋਈ ਸੀ।

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424


Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਤਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep

| SOLD | FOR SALE | FOR SALE | FOR SALE |
|---|---|---|---|
| $645,000 | $799,900 | $3,249,000 | $1,129,900 |
| Darcel/Brandon Gate | Chinguacousy/Sandalwood | Niagara Falls Ontario | Castlemore/Goreway |
| ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ। | 5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ। | ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ। | 4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ। |

General ਵੱਰਕਰਾਂ ਦੀ ਤੁਰੰਤ ਲੋੜ ਹੈ
ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ
Galvanizing plant located in Acton, ON
ਸਾਰੀਆਂ Shifts available ਹਨ
ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus
Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਅਤੀਤ ਦੀ ਵਡਿੱਤਣ ਦੇ ਵਹਿਮ ਵਿੱਚ ਉਲਝੇ ਹੋਏ ਭਾਰਤ ਦੇ ਲੋਕਾਂ ਨੂੰ ਕਰਨਾ ਕੀ ਚਾਹੀਦਾ ਹੈ!



ਜਤਿੰਦਰ ਪੰਨੂ

ਦੁਨੀਆਂ ਅੱਗੇ ਵੱਲ ਵਧ ਰਹੀ ਹੈ। ਪਹਿਲਾਂ ਸਾਨੂੰ ਇਹ ਸ਼ਿਕਵਾ ਹੁੰਦਾ ਸੀ ਕਿ ਦੁਨੀਆਂ ਦੀ ਰਫਤਾਰ ਵੱਧ ਹੈ, ਸਾਡੇ ਭਾਰਤ ਦੀ ਰਫਤਾਰ ਉਨ੍ਹਾਂ ਦੇਸ਼ਾਂ ਦੇ ਬਰਾਬਰ ਨਹੀਂ, ਜਿਨ੍ਹਾਂ ਦੀ ਬਰਾਬਰੀ ਕਰਨ ਦੀਆਂ ਗੱਲਾਂ ਹੁੰਦੀਆਂ ਹਨ। ਬਾਅਦ ਵਿੱਚ ਏਥੇ ਉਹ ਦੌਰ ਵੀ ਆਇਆ, ਜਦੋਂ ਜਾਪਣ ਲੱਗ ਪਿਆ ਕਿ ਭਾਰਤ ਦੀ ਰਫਤਾਰ ਵਿੱਚ ਖੜੋਤ ਆਈ ਜਾਂਦੀ ਹੈ, ਇਹ ਅੱਗੇ ਨਹੀਂ ਵਧ ਰਿਹਾ। ਆਖਰ ਨੂੰ ਉਹ ਦੌਰ ਵੀ ਆ ਗਿਆ, ਜਦੋਂ ਲੋਕ ਇਹ ਗੱਲਾਂ ਕਹਿਣ ਲੱਗ ਪਏ ਕਿ ਭਾਰਤ ਅੱਗੇ ਵੱਲ ਨੂੰ ਜਾਣ ਦੀ ਥਾਂ ਭੂਤ-ਕਾਲ, ਬੀਤੇ ਸਮੇਂ, ਵੱਲ ਵਧਣ ਲੱਗ ਪਿਆ ਹੈ। ਇਹ ਚਰਚਾ ਵੀ ਅੱਜ ਕੱਲ੍ਹ ਕੋਈ ਨਹੀਂ ਕਰਦਾ। ਏਦਾਂ ਲੱਗਦਾ ਹੈ ਕਿ ਇਸ ਦੇ ਪਿੱਛਲ-ਖੁਰੀ ਗੇਅਰ ਨੂੰ ਲੋਕਾਂ ਨੇ ਭਾਣਾ ਸਮਝ ਕੇ ਪ੍ਰਵਾਨ ਕਰ ਲਿਆ ਹੈ।

ਇਸ ਵਿੱਚ ਸ਼ੱਕ ਨਹੀਂ ਕਿ ਬਾਕੀਆਂ ਜਿੰਨੀ ਰਫਤਾਰ ਨਾ ਸਹੀ, ਫਿਰ ਵੀ ਭਾਰਤ ਪਹਿਲੇ ਪੰਝੀ ਸਾਲਾਂ ਦੌਰਾਨ ਕੁਝ ਨਾ ਕੁਝ ਅੱਗੇ ਨੂੰ ਵਧਦਾ ਰਿਹਾ ਸੀ। ਚੀਨ ਤੇ ਜਾਪਾਨ ਵਰਗੇ ਦੇਸ਼ਾਂ ਜਿੰਨੀ ਰਫਤਾਰ ਓਦੋਂ ਵੀ ਨਹੀਂ ਸੀ। ਆਜ਼ਾਦੀ ਮਿਲਣ ਦਾ ਸਬੱਬ ਓਦੋਂ ਬਣਿਆ ਸੀ, ਜਦੋਂ ਦੂਸਰੀ ਸੰਸਾਰ ਜੰਗ ਮੁੱਕਣ ਨੂੰ ਦੋ ਸਾਲ ਮਸਾਂ ਹੋਏ ਸਨ। ਚੀਨ ਤੇ ਭਾਰਤ ਅੱਗੜ-ਪਿੱਛੜ ਹੀ ਆਪਣੀ ਕਿਸਮਤ ਦੇ ਆਪ ਮਾਲਕ ਬਣੇ ਸਨ। ਚੀਨ ਅੱਗੇ ਨਿਕਲਣ ਲੱਗ ਪਿਆ। ਜਾਪਾਨ ਨੂੰ ਦੂਸਰੀ ਸੰਸਾਰ ਜੰਗ ਨੇ ਓਦੋਂ ਤੱਕ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਜੰਗ ਮੁੱਕੀ ਤਾਂ ਉਹ ਵੀ ਅੱਗੇ ਵਧਣ ਲੱਗ ਪਿਆ। ਭਾਰਤ ਦੀ ਅੱਗੇ ਵੱਲ ਪੇਸ਼ਕਦਮੀ ਉਨ੍ਹਾਂ ਦੋਵਾਂ ਵਰਗੀ ਨਹੀਂ ਸੀ। ਨਤੀਜਾ ਇਹ ਨਿਕਲਿਆ ਕਿ ਸਾਥੋਂ ਡੇਢ ਸਾਲ ਪਿੱਛੋਂ ਆਪਣੇ ਮੁਕੱਦਰ ਦਾ ਮਾਲਕ ਬਣਿਆ ਚੀਨ ਅੱਜ ਮਨੁੱਖੀ ਵਸੀਲਿਆਂ ਦੇ ਵਿਕਾਸ ਪੱਖੋਂ ਸੰਸਾਰ ਦੀ ਸੂਚੀ ਵਿੱਚ 86ਵੇਂ ਥਾਂ ਲਿਖਿਆ ਅਤੇ ਭਾਰਤ ਦਾ ਨੰਬਰ 130ਵਾਂ ਦਰਜ ਕੀਤਾ ਗਿਆ ਹੈ। ਜੀਅ ਪ੍ਰਤੀ ਆਮਦਨ ਦੇ ਪੱਖ ਤੋਂ ਚੀਨ ਦਾ ਨੰਬਰ 72ਵਾਂ ਤੇ ਸਾਡੇ ਭਾਰਤ ਦਾ 140ਵਾਂ ਪੜ੍ਹਨ ਨੂੰ ਮਿਲਦਾ ਹੈ। ਇਸ ਸ਼ਰਮ ਤੋਂ ਬਚਣ ਲਈ ਇਹ ਦੱਸਿਆ ਜਾਂਦਾ ਹੈ ਕਿ ਭਾਰਤ ਭਾਵੇਂ ਪਛੜਿਆ ਹੈ, ਪਰ ਪਾਕਿਸਤਾਨ ਨਾਲੋਂ ਤਾਂ ਨਹੀਂ ਪਛੜਿਆ। ਇਹ ਸਿਰਫ ਦਿਲ ਨੂੰ ਤਸੱਲੀ ਦੇਣ ਵਾਲੀ ਦਲੀਲ ਹੈ।

ਜਿਹੜੇ ਪਹਿਲੇ ਪੰਝੀ ਕੁ ਸਾਲਾਂ ਵਿੱਚ ਇਸ ਦੇਸ਼ ਨੇ ਅੱਗੇ ਵੱਲ ਕਦਮ ਪੁੱਟੇ ਸਨ, ਜਦੋਂ ਇਹ ਐਟਮੀ ਤਾਕਤ ਵਾਲਾ ਦੇਸ਼ ਬਣਿਆ ਸੀ, ਜਦੋਂ ਇਸ ਨੇ ਜਹਾਜ਼ ਬਣਾਉਣ ਦੀ ਸਮਰੱਥਾ ਹਾਸਲ ਕੀਤੀ ਸੀ, ਜਦੋਂ ਇਸ ਨੇ ਸਪੇਸ ਵੱਲ ਉਡਾਰੀ ਭਰਨ ਦਾ ਮਨ ਬਣਾਇਆ ਸੀ, ਓਦੋਂ ਦਾ ਭਾਰਤ ਅੱਜ ਦੇ ਭਾਰਤ ਤੋਂ ਬੜਾ ਵੱਖਰਾ ਸੀ। ਉਸ ਵੇਲੇ ਭਾਰਤ ਸਰਕਾਰ ਆਪਣੇ ਨਾਗਰਿਕਾਂ ਨੂੰ ਵਿਗਿਆਨਕ ਨਜ਼ਰੀਆ ਵਿਕਸਤ ਕਰਨ ਲਈ ਪ੍ਰੇਰਦੀ ਹੁੰਦੀ ਸੀ ਤੇ ਉਸ ਤੋਂ ਬਾਅਦ ਦੀ ਸਰਕਾਰ ਨੇ ਇਸ ਤੋਂ ਉਲਟ ਪਾਸੇ ਵੱਲ ਮੂੰਹ ਕਰ ਲਿਆ ਸੀ। ਵਿਗਿਆਨ ਦੀਆਂ ਗੱਲਾਂ ਕਰ ਚੁੱਕੀ ਇੰਦਰਾ ਗਾਂਧੀ ਨੂੰ ਜਦੋਂ ਇੱਕ ਵੱਡੀ ਹਾਰ ਦੀ ਸੱਟ ਝੱਲਣ ਤੋਂ ਬਾਅਦ ਦੇਸ਼ ਦੀ ਕਮਾਨ ਦੋਬਾਰਾ ਸੌਂਪੀ ਗਈ, ਓਦੋਂ ਤੱਕ ਪੁਰਾਣੀ ਇੰਦਰਾ ਗਾਂਧੀ ਦੀ ਥਾਂ ਉਹ ਨਵੀਂ ਇੰਦਰਾ ਗਾਂਧੀ ਬਣਨ ਲੱਗ ਪਈ ਸੀ, ਜਿਸ ਦੇ ਇਰਦ-ਗਿਰਦ ਧੀਰੇਂਦਰ ਬ੍ਰਹਮਚਾਰੀ ਵਰਗੇ ਸਾਧ-ਸੰਤ ਤੇ ਸਵਾਮੀ ਇਹ ਕਹਿੰਦੇ ਫਿਰਦੇ ਸਨ ਕਿ ਉਹ ਸਾਥੋਂ ਪੁੱਛੇ ਬਿਨਾਂ ਕੋਈ ਕੰਮ ਨਹੀਂ ਕਰਦੀ। ਉਸ ਦਾ ਪੁੱਤਰ ਰਾਜੀਵ ਗਾਂਧੀ ਵੀ ਮੋੜ ਕੱਟ ਕੇ ਆਪਣੇ ਨਾਨੇ ਜਵਾਹਰ ਲਾਲ ਦੇ ਰਾਹ ਪੈਣ ਦੀ ਥਾਂ ਸਾਧਾਂ-ਸਵਾਮੀਆਂ ਦੇ ਆਖੇ ਬਾਬਰੀ ਮਸਜਿਦ ਵਿਚਲੇ ਉਸ ਕਮਰੇ ਦਾ ਤਾਲਾ ਤੋੜ ਕੇ ਪੂਜਾ ਕਰਨ ਤੁਰ ਪਿਆ ਸੀ, ਜਿਸ ਤੋਂ ਅਦਾਲਤਾਂ ਨੇ ਮਨ੍ਹਾ ਕੀਤਾ ਸੀ। ਕਾਰਨ ਇਹ ਸੀ ਕਿ ਸਾਧਾਂ-ਸੰਤਾਂ ਨੇ ਕਿਹਾ ਸੀ ਕਿ ਓਥੇ ਪੂਜਾ ਕੀਤੀ ਚੋਣਾਂ ਦਾ ਲਾਭ ਕਰੇਗੀ। ਇਹੋ ਫਾਰਮੂਲਾ ਜਦੋਂ ਭਾਜਪਾ ਲੀਡਰਾਂ ਨੇ ਵਰਤਿਆ ਤਾਂ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਵਾਲੇ ਸਾਧ-ਸੰਤ ਉਸ ਪਾਸੇ ਦਲ-ਬਦਲੀ ਕਰ ਗਏ। ਨਤੀਜਾ ਇਹ ਨਿਕਲਿਆ ਕਿ ਨਹਿਰੂ-ਗਾਂਧੀ ਪਰਵਾਰ ਨੂੰ ਤਾਂ ਰਾਜ-ਮਹਿਲਾਂ ਵਿੱਚੋਂ ਬਨਵਾਸ ਮਿਲਿਆ ਹੀ, ਜਵਾਹਰ ਲਾਲ ਨਹਿਰੂ ਤੇ ਉਸ ਦੇ ਵਿਗਿਆਨਕ ਸੋਚ ਵਾਲੇ ਆਗੂਆਂ ਦੀ ਅਗਵਾਈ ਵਾਲੇ ਭਾਰਤ ਦਾ ਸਟੇਅਰਿੰਗ ਵੀ ਉਲਟ ਪਾਸੇ ਨੂੰ ਘੁੰਮਦਾ ਗਿਆ।

ਅੱਜ ਦਾ ਭਾਰਤ ਨਹਿਰੂ ਵਾਲਾ ਨਹੀਂ, ਇੰਦਰਾ ਅਤੇ ਰਾਜੀਵ ਵਾਲਾ ਵੀ ਨਹੀਂ, ਸਗੋਂ ਵਾਜਪਾਈ ਦੇ ਦੌਰ ਦਾ ਭਾਰਤ ਵੀ ਨਹੀਂ, ਜਿੱਥੇ ਪਿਛਲੀਆਂ ਲੀਹਾਂ ਤੋਂ ਪਾਸਾ ਵੱਟਣ ਵੇਲੇ ਕੁਝ ਸ਼ਰਮ-ਝਿਜਕ ਹੁੰਦੀ ਸੀ। ਅੱਜ ਦੇ ਭਾਰਤ ਵਿੱਚ ਨਰਿੰਦਰ ਮੋਦੀ ਅਤੇ ਉਹੋ ਜਿਹੇ ਹੋਰ ਆਗੂਆਂ ਦਾ ਸਿੱਕਾ ਚੱਲਦਾ ਹੈ, ਜਿਹੜੇ ਆਰਾਮ ਨਾਲ ਵਿਗਿਆਨ ਨੂੰ ਵਹਿਮ-ਭਰਮ ਦੇ ਪੈਰਾਂ ਹੇਠਾਂ ਇੰਜ ਰੋਲ ਦੇਂਦੇ ਹਨ ਕਿ ਇਸ ਦਾ ਵਿਰੋਧ ਕਰਨ ਦੀ ਜੁਰਅੱਤ ਕਰਨ ਵਾਲੇ ਨਹੀਂ ਲੱਭਦੇ ਤੇ ਅਕਲ ਨਾਲ ਜਮਾਂਦਰੂ ਵਿਰੋਧ ਰੱਖਣ ਵਾਲੇ ਲੋਕ ਬੱਲੇ-ਬੱਲੇ ਕਰੀ ਜਾਂਦੇ ਹਨ। ਵਿਗਿਆਨ ਤਾਂ ਭਾਰਤ ਦੀ ਵਿਰਾਸਤ ਸੀ। ਕਿਸੇ ਵਕਤ ਭਾਰਤ ਦੇ ਵਿਗਿਆਨੀਆਂ ਨੇ ਬਿਨਾਂ ਕਿਸੇ ਦੂਰਬੀਨ ਤੋਂ ਰਾਤਾਂ ਨੂੰ ਅਸਮਾਨ ਵੱਲ ਝਾਕ ਕੇ ਤਾਰੇ ਗਿਣੇ ਤੇ ਇਸ ਤਰ੍ਹਾਂ ਦਾ ਸਾਰਾ ਲੇਖਾ ਬਣਾਇਆ ਸੀ ਕਿ ਅੱਜ ਵੀ ਉਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਬਿਹਾਰ ਦੇ ਇੱਕ ਪਿੰਡ ਦਾ ਨਾਂਅ ਤਾਰੇ ਗਣਾ ਇਸ ਲਈ ਪਿਆ ਸੀ ਕਿ ਉਸ ਦੌਰ ਵਿੱਚ ਜਦੋਂ ਵੀ ਸੂਰਜ ਗ੍ਰਹਿਣ ਦਾ ਦਿਨ ਆਉਂਦਾ ਤਾਂ ਖੋਜੀ ਸੋਚ ਵਾਲੇ ਸਾਰੇ ਲੋਕ ਵਹੀਰਾਂ ਘੱਤ ਕੇ ਉਸ ਪਿੰਡ ਜਾ ਪੁੱਜਦੇ ਸਨ। ਅੱਜ ਵੀ ਸੂਰਜ ਗ੍ਰਹਿਣ ਦੇ ਦਿਨ ਸੰਸਾਰ ਭਰ ਦੇ ਤਾਰਾ ਵਿਗਿਆਨੀਆਂ ਲਈ ਉਹ ਪਿੰਡ ਮੱਕਾ ਬਣ ਜਾਂਦਾ ਹੈ ਤਾਂ ਇਸ ਲਈ ਬਣ ਜਾਂਦਾ ਹੈ ਕਿ ਇਹ ਭਾਰਤ ਦੇ ਵਿਗਿਆਨ ਦੀ ਵਿਰਾਸਤ ਹੈ। ਅਜੋਕੇ ਪ੍ਰਧਾਨ ਮੰਤਰੀ ਸਾਹਿਬ ਨਾਲ ਇਹੋ ਜਿਹੇ ਲੋਕ ਖੜੇ ਹਨ, ਜਿਹੜੇ ਵਿਗਿਆਨ ਨੂੰ ਚਿੜਾਉਂਦੀਆਂ ਗੱਲਾਂ ਕਰਦੇ ਹਨ। ਪਿਛਲੀ ਵਾਰੀ ਭਾਰਤ ਦੀ ਸਾਇੰਸ ਕਾਂਗਰਸ ਵਿੱਚ ਆਉਣ ਤੋਂ ਸੰਸਾਰ ਪ੍ਰਸਿੱਧ ਵਿਗਿਆਨੀ ਵੈਂਕਟਾਰਮਨ ਰਾਮਾਕ੍ਰਿਸ਼ਨਨ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਏਥੇ ਸਾਇੰਸ ਕਾਂਗਰਸ ਦੇ ਨਾਂਅ ਉੱਤੇ ਸਰਕਸ ਚਲਾਈ ਜਾਂਦੀ ਹੈ। ਏਡੀ ਤਕੜੀ ਚੋਟ ਉਨ੍ਹਾਂ ਨੇ ਇਸ ਲਈ ਕਰ ਦਿੱਤੀ ਕਿ ਪ੍ਰਧਾਨ ਮੰਤਰੀ ਅਤੇ ਉਸ ਦੇ ਸਾਥੀ ਗੱਲਾਂ ਹੀ ਇਹੋ ਜਿਹੀਆਂ ਕਰਦੇ ਹਨ।

ਸੰਸਾਰ ਪ੍ਰਸਿੱਧ ਵਿਗਿਆਨੀ ਵੈਂਕਟਾਰਮਨ ਰਾਮਾਕ੍ਰਿਸ਼ਨਨ ਨੇ ਅਮਰੀਕਾ ਵਿੱਚ ਇੱਕ ਸੈਮੀਨਾਰ ਵਿੱਚ ਆਖਿਆ ਕਿ ਉਹ ਭਾਰਤ ਵਿੱਚ ਇੱਕ ਵਾਰੀ ਇਹ ਸੁਣ ਆਏ ਹਨ ਕਿ ਹਵਾਈ ਜਹਾਜ਼ ਬਾਕੀ ਦੁਨੀਆ ਨੇ ਬਾਅਦ ਵਿੱਚ ਬਣਾਇਆ ਸੀ, ਭਾਰਤ ਵਿੱਚ ਦੋ ਹਜ਼ਾਰ ਸਾਲ ਪਹਿਲਾਂ ਬਣ ਗਿਆ ਸੀ। ਜਿਹੜੀ ਗੱਲ ਦਾ ਕੋਈ ਸਬੂਤ ਨਹੀਂ, ਉਸ ਨੂੰ ਇਸ ਆਧਾਰ ਉੱਤੇ ਜਾਇਜ਼ ਠਹਿਰਾਇਆ ਜਾਂਦਾ ਹੈ ਕਿ ਫਲਾਣੇ ਗ੍ਰੰਥ ਵਿੱਚ ਲਿਖਿਆ ਹੈ ਕਿ ਫਲਾਣਾ ਵਿਅਕਤੀ 'ਬਿਬਾਣ' ਉੱਤੇ ਸਵਾਰ ਹੋ ਕੇ ਫਲਾਣੇ ਥਾਂ ਗਿਆ ਸੀ। ਇਹ ਗੱਲ ਮੰਨ ਲਈ ਜਾਵੇ ਤਾਂ ਇਹ ਵੀ ਦੱਸਣਾ ਪੈਂਦਾ ਹੈ ਕਿ ਇਹ ਵਿਮਾਨ ਜਾਂ ਜਹਾਜ਼ ਉੱਤਰਨ ਅਤੇ ਉੱਡਣ ਦਾ ਓਦੋਂ ਵਾਲਾ ਹਵਾਈ ਅੱਡਾ ਫਲਾਣੇ ਥਾਂ ਲੱਭਾ ਹੈ। ਸ਼ਾਇਦ ਇਹ ਗੱਲ ਵੀ ਕਿਸੇ ਦਿਨ ਕਹਿ ਦਿੱਤੀ ਜਾਵੇ, ਕਿਉਂਕਿ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਕਹਿ ਚੁੱਕੇ ਹਨ ਕਿ ਭਾਰਤ ਵਿੱਚ ਪਲਾਸਟਿਕ ਸਰਜਰੀ ਕਈ ਹਜ਼ਾਰ ਸਾਲ ਪਹਿਲਾਂ ਵੀ ਹੋਇਆ ਕਰਦੀ ਸੀ। ਕੇਂਦਰ ਦਾ ਸਰਕਾਰ ਚਲਾ ਰਹੀ ਪਾਰਟੀ ਦੇ ਇੱਕ ਪ੍ਰਮੁੱਖ ਆਗੂ ਨੇ ਇਹ ਵੀ ਕਹਿ ਦਿੱਤਾ ਹੈ ਕਿ ਵਾਟਸ ਐਪ ਬਾਕੀ ਦੁਨੀਆ ਨੇ ਆਹ ਚਾਰ-ਪੰਜ ਸਾਲ ਪਹਿਲਾਂ ਚੱਲਦਾ ਵੇਖਿਆ ਹੋਵੇਗਾ, ਭਾਰਤ ਵਿੱਚ ਇਹ ਮਹਾਂਭਾਰਤ ਦੀ ਜੰਗ ਵੇਲੇ ਵੀ ਹੁੰਦਾ ਸੀ ਤੇ ਇਹੋ ਕਾਰਨ ਸੀ ਕਿ ਉਸ ਜੰਗ ਵੇਲੇ ਰਾਜਾ ਧ੍ਰਿਤਰਾਸ਼ਟਰ ਦੇ ਕੋਲ ਖੜਾ ਸੰਜੇ ਉਨ੍ਹਾਂ ਨੂੰ ਜੰਗ ਦਾ ਸਾਰਾ ਹਾਲ ਨਾਲੋ-ਨਾਲ ਦੱਸੀ ਜਾਂਦਾ ਸੀ। ਇਲਾਜ ਪ੍ਰਣਾਲੀ ਬਾਰੇ ਵੀ ਇਹੋ ਦਾਅਵਾ ਕੀਤਾ ਜਾ ਰਿਹਾ ਹੈ ਅਤੇ ਮਿਜ਼ਾਈਲਾਂ ਨੂੰ ਉਸ ਯੁੱਗ ਦੇ ਖਿਆਲੀ ਅਗਨ-ਸ਼ਾਸਤਰਾਂ ਨਾਲ ਮੇਲਿਆ ਜਾ ਰਿਹਾ ਹੈ।

ਹੈਰਾਨੀ ਓਦੋਂ ਹੁੰਦੀ ਹੈ, ਜਦੋਂ ਇੱਕੋ ਸਾਹੇ ਦੇਸ਼ ਦਾ ਪ੍ਰਧਾਨ ਮੰਤਰੀ ਇਸ ਵਕਤ ਦੀਆਂ ਵਿਗਿਆਨਕ ਖੋਜਾਂ ਨੂੰ ਰੱਦ ਕਰਨ ਦੇ ਨਾਲ ਇਹ ਦਾਅਵਾ ਵੀ ਕਰੀ ਜਾਂਦਾ ਹੈ ਕਿ ਉਸ ਦੀ ਅਗਵਾਈ ਹੇਠ ਦੇਸ਼ ਨੇ ਵਿਗਿਆਨ ਦੇ ਪੱਖ ਤੋਂ ਬਹੁਤ ਵੱਡੇ ਕਦਮ ਚੁੱਕੇ ਹਨ। ਭਾਰਤ ਦੀ ਪੁਲਾੜ ਖੋਜ ਸੰਸਥਾ, ਇਸਰੋ, ਦਾ ਭੇਜਿਆ ਉੱਪ ਗ੍ਰਹਿ ਜਿਸ ਦਿਨ ਮੰਗਲ ਤਾਰੇ ਤੱਕ ਪਹੁੰਚ ਗਿਆ ਤੇ ਪ੍ਰਕਰਮਾ ਕਰਨ ਲੱਗ ਪਿਆ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਮਾਣ ਨਾਲ ਆਖਿਆ ਕਿ ਮੇਰੀ ਸਰਕਾਰ ਦੀ ਅਗਵਾਈ ਹੇਠ ਦੇਸ਼ ਨੇ ਇਹ ਟੀਚਾ ਵੀ ਹਾਸਲ ਕਰ ਲਿਆ ਹੈ। ਇੱਕ ਕਾਂਗਰਸੀ ਆਗੂ ਨੇ ਮਜ਼ਾਕ ਉਡਾਉਂਦੇ ਹੋਏ ਕਿਹਾ ਕਿ ਪਿਛਲੀ ਮਨਮੋਹਨ ਸਿੰਘ ਦੀ ਸਰਕਾਰ ਦਾ ਉਡਾਇਆ ਉੱਪ ਗ੍ਰਹਿ ਮੰਗਲ ਤੱਕ ਪਹੁੰਚ ਗਿਆ ਤਾਂ ਇਸ ਵਿੱਚ ਮੌਜੂਦਾ ਸਰਕਾਰ ਦੀ ਅਗਵਾਈ ਤੇ ਮਿਹਨਤ ਕਿਹੜੀ ਸੀ? ਭਾਜਪਾ ਵਾਲਿਆਂ ਨੇ ਇਸ ਦਾ ਜਵਾਬ ਨਹੀਂ ਸੀ ਦਿੱਤਾ, ਪਰ ਭਾਰਤ ਦੇ ਇੱਕ ਵੱਡੇ ਵਿਅੰਗਕਾਰ ਸੰਪਤ ਸਰਲ ਨੇ ਜਵਾਬ ਦੇ ਦਿੱਤਾ। ਉਸ ਨੇ ਆਪਣੇ ਪ੍ਰੋਗਰਾਮ ਵਿੱਚ ਕਿਹਾ ਕਿ ਏਨੀ ਗੱਲ ਵੀ ਛੋਟੀ ਨਹੀਂ ਕਿ ਨਰਿੰਦਰ ਮੋਦੀ ਸਾਹਿਬ ਨੇ ਮਨਮੋਹਨ ਸਿੰਘ ਦੀ ਸਰਕਾਰ ਦੇ ਛੱਡੇ ਹੋਏ ਉੱਪ-ਗ੍ਰਹਿ ਨੂੰ ਮੰਗਲ ਤੱਕ ਪਹੁੰਚ ਲੈਣ ਦਿੱਤਾ ਹੈ, ਕਿਤੇ ਪਿੱਛੇ ਮੁੜਨ ਲਈ ਇਹ ਨਹੀਂ ਕਹਿ ਦਿੱਤਾ ਕਿ ਪੁਰਾਤਨ ਗ੍ਰੰਥਾਂ ਮੁਤਾਬਕ 'ਮੰਗਲ' ਨਾਰਾਜ਼ ਹੋ ਗਿਆ ਤਾਂ ਹੋਰ ਕੋਈ ਸਿਆਪਾ ਨਾ ਪਾ ਦੇਵੇ। ਜਿਸ ਤਰ੍ਹਾਂ ਦੇ ਹਾਲਾਤ ਹਨ, ਜਦੋਂ ਇਸ ਦੇਸ਼ ਵਿੱਚ ਮਹਾਂਭਾਰਤ ਦੇ ਯੁੱਗ ਵਿੱਚ ਵਾਟਸ ਐਪ ਭਾਰਤ ਵਿੱਚ ਚੱਲਦਾ ਹੋਣ ਦੀ ਗੱਲ ਕਹੀ ਜਾ ਰਹੀ ਹੈ, ਕੱਲ੍ਹ ਨੂੰ ਚੰਦਰ-ਮਿਸ਼ਨ ਲਈ ਸਾਰੀ ਤਿਆਰੀ ਛੱਡ ਕੇ ਇਹ ਫੈਸਲਾ ਕੀਤਾ ਜਾ ਸਕਦਾ ਹੈ ਕਿ ਚੰਦ ਕੋਈ ਆਮ ਗ੍ਰਹਿ ਨਹੀਂ, ਦੇਵਤਾ ਹੈ, ਉਸ ਨੂੰ ਛੋਹਣ ਦੀ ਗਲਤੀ ਮਨੁੱਖ ਨੂੰ ਨਹੀਂ ਕਰਨੀ ਚਾਹੀਦੀ। ਕਿਹਾ ਜਾਂਦਾ ਹੈ ਕਿ ਭਾਰਤ ਤਰੱਕੀ ਨਹੀਂ ਕਰਦਾ, ਏਦਾਂ ਦੀਆਂ ਸੋਚਾਂ ਨਾਲ ਤਰੱਕੀ ਕਰੇਗਾ ਕਿਵੇਂ? ਹਜ਼ਾਰਾਂ ਸਾਲ ਪਿਛਾਂਹ ਗੱਡੇ ਹੋਏ ਕਿੱਲਿਆਂ ਨਾਲ ਜਦੋਂ ਪੈਰ ਬੱਝੇ ਹੋਣ ਤਾਂ ਵਿਗਿਆਨਕ ਤਰੱਕੀ ਦੇ ਸੁਫਨੇ ਹੀ ਲਏ ਜਾ ਸਕਦੇ ਹਨ, ਸੁਫਨਿਆਂ ਦੇ ਚਸਕੇ ਵੀ ਲਏ ਜਾ ਸਕਦੇ ਹਨ, ਪਰ ਸੰਸਾਰ ਨਾਲ ਬਰ ਮੇਚਣਾ ਤੇ ਤਰੱਕੀ ਕਰਨਾ ਸੌਖਾ ਨਹੀਂ ਹੋ ਸਕਦਾ।

ਫਿਰ ਭਾਰਤ ਦੇ ਲੋਕਾਂ ਨੂੰ ਕਰਨਾ ਕੀ ਚਾਹੀਦਾ ਹੈ? ਲੱਖ ਟਕੇ ਦਾ ਇਹ ਸਵਾਲ ਜਦੋਂ ਦੇਸ਼ ਦੇ ਲੋਕਾਂ ਦੇ ਸਾਹਮਣੇ ਹੈ ਤਾਂ ਇਸ ਦਾ ਹੱਲ ਵੀ ਭਾਰਤ ਦੇ ਲੋਕਾਂ ਨੂੰ ਸੋਚਣਾ ਪਵੇਗਾ, ਓਦੋਂ, ਜਦੋਂ ਅਗਲੀਆਂ ਆਮ ਚੋਣਾਂ ਹੋਣਗੀਆਂ।

# Who is the real Gambler PM Trudeau or Raj Grewal?

By : Surjit Singh Flora



Raj Grewal's sudden resignation as a Liberal MP from Brampton East is, according to the Prime Minister's Office, because he needs to seek treatment for a gambling problem that has driven him into debt.

At least Raj Grewal realizes he has a problem. Unlike Trudeau rolling the dice at the UN all the time and gambling taxpayers' money, worth $10.5 million a pop, as when he handed the free money cheque to Omar Khadr.

Prime Minister Justin Trudeau's controversial trip to India also cost Canadian taxpayers $1.66 million. Global Affairs spent the most on the trip — $790,210, including $17,044 to fly celebrity chef Vikram Vij to India, to prepare a meal for an official reception. Drinks aboard an official Airbus flight also cost taxpayers another $142,938, as per the latest review of payments.

While former PM Stephen Harper's 2012 trip to India only cost Canadians $2.5 million.

Trudeau's Defense Minister Harjit Sajjan also wasted Canadians a further $337,000 on a taxpayer-funded trip that was planned by General Vance's office. Vance okayed the booze on the RCAF aircraft.

Oh well, if the Liberal leader himself is like a Santa Claus, spending left and right with both hands, how can we expect any better from his party members.

At least we need to respect Raj Grewal for having enough integrity to resign, contrary to the bunch of others lacking honesty and integrity such as Harjit Sajjan, Bill Morneau, Maryam Monsef, and the worst one, Trudeau himself the selfie boy.

If we talk about Raj Grewal, seems it could be a lot worse than just a medical issue. Certainly, the Liberals' track record doesn't exactly inspire confidence, despite Trudeau initially making all the right noises... and then leaving it at that. Take the case of Seamus O'Regan. This Cabinet Minister, one among Trudeau's inner circle, was initially sent to rehab for alcohol addiction in late 2015. But then O'Regan realized his sexuality was connected to his substance abuse. Still later, Trudeau was reduced to having to apologize for O'Regan's decades of discrimination against the LGBTQ community.

But that's not the end of the story. O'Regan was then promoted, after he went through rehab.

I think the Liberals have now forced Raj Grewal's resignation because of the conflict of interest probe, and the gambling and medical angle is a convenient way out. The media should dig deeper to get the full story out it's Canadian Citizen's rights.

I fully acknowledge we should all have empathy with these mental health issues and hope there is a chance of recovery. However, before people are selected for positions of power or given highly responsible tasks like helping choose a PM's entourage for an official foreign tour, they should be properly investigated. They have the responsibility for acting in the best interests of Canadians at the core of their mandates, and sadly, it seems so often to be the case with the Trudeau Government that never going to happens.

I also wonder: is a "gambling problem" another term for "Money Laundering"?

Canadians, especially Bramptonians, need to stand up for their tax dollars, and it's their right to ask that this Brampton East MP's gambling problem be investigated by Peel Police and the RCMP, if there is any suspicion of money laundering.

I am afraid this is the just visible edge of the iceberg. If they investigate the Liberal cabinet a little more, they will probably find a lot of wrongdoings, must be punished.

Delivering billions of tax dollars to certain interest groups is certainly a bad sign. This is arguably the worst managed economy so far in Canada's history. Unprotected borders are open for a Third World invasion. Healthcare is at its lowest ebb; if you need emergency care, surgery, or even simple vaccinations, good luck with that -- you need to wait forever, if you can survive the wait or end up at the funeral home.

Finance Minister Bill Morneau's budget update Wednesday projected a shortfall of $18.1 billion for the current fiscal year, $17.5 billion in 2019 and $16.9 billion in 2020. This is the way our deficit-fuelled economy is being run, ensuring our financial debt will continue to keep ballooning -- and this at a time when our economy's booming. God help us when bad times come... as they surely must, given this level of mismanagement.

Trudeau is living proof that to run a country the PM must have some qualifications and experience. Sadly, our Prime Minister has neither. Our country will not survive the Trudeau family unless citizens wake up and vote him out next year.

# ਸਿੱਖ ਸਿਆਸਤ ਅਤੇ ਸਿੱਖ

-ਭਾਈ ਅਸ਼ੋਕ ਸਿੰਘ ਬਾਗੜੀਆਂ

ਰੈਫਰੈਂਡਮ 2020 ਤੋਂ ਪੈਦਾ ਹੋਇਆ ਵਿਵਾਦ ਸਿੱਖਾਂ ਲਈ ਬਹੁਤ ਖਤਰਨਾਕ ਹੈ। ਇਸ ਨੂੰ ਹੱਲ ਕਰਨ ਦਾ ਜ਼ਿੰਮਾ ਸ਼੍ਰੋਮਣੀ ਅਕਾਲੀ ਦਲ ਦਾ ਬਣਦਾ ਹੈ, ਕਿਉਂਕਿ ਇਹ ਮੁੱਦਾ ਨਿਰੋਲ ਸਿਆਸੀ ਹੈ। ਆਗੂਆਂ ਦੀ ਯਾਦਾਸ਼ਤ ਨੂੰ ਤਾਜ਼ਾ ਕਰਨ ਹਿੱਤ ਲਿਖਦਾ ਹਾਂ ਕਿ ਜਿਸ ਵਕਤ 1947 ਤੋਂ ਪਹਿਲਾਂ ਕਾਂਗਰਸ ਅਤੇ ਮੁਸਲਿਮ ਲੀਗ ਵਿੱਚ ਸਿੱਖਾਂ ਦੇ ਵਿਚਾਰ ਵਟਾਂਦਰੇ ਚੱਲ ਰਹੇ ਸਨ ਤਾਂ ਮਹਾਤਮਾ ਗਾਂਧੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨੂੰ ਗਾਰੰਟੀ ਨਾਲ ਵਚਨਬੱਧਤਾ ਦੀ ਕਸਮ ਖਾਧੀ ਅਤੇ ਇਸ ਤਸੱਲੀ ਦੇ ਆਧਾਰ 'ਤੇ ਸਾਡੇ ਤਤਕਾਲੀ ਆਗੂਆਂ ਨੇ ਕਾਂਗਰਸ ਨਾਲ ਜਾਣ ਦਾ ਫੈਸਲਾ ਕੀਤਾ ਸੀ। ਇਸ ਫੈਸਲੇ ਨੂੰ ਉਸ ਵਕਤ ਦੇ ਇਕ ਲੀਡਰ ਨੇ ਸਿੱਖਾਂ ਵਾਸਤੇ ਖਤਰਨਾਕ ਕਿਹਾ ਸੀ। ਵਚਨਬੱਧਤਾ ਇਹ ਸੀ ਕਿ ਉਤਰ ਵਿੱਚ ਐਸਾ ਖਿੱਤਾ ਹੋਵੇ, ਜਿਸ ਵਿੱਚ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣ। ਵੰਡ ਵਿੱਚ ਸਭ ਤੋਂ ਵੱਧ ਜਾਨੀ ਤੇ ਮਾਲੀ ਨੁਕਸਾਨ ਸਿੱਖਾਂ ਦਾ ਹੋਇਆ ਸੀ। ਜਿਸ ਵਕਤ ਹਿੰਦੁਸਤਾਨ ਆਜ਼ਾਦੀ ਮਨਾ ਰਿਹਾ ਸੀ, ਸਾਡੇ ਘਰ ਸੜ ਰਹੇ ਸਨ।

ਅਜੇ ਆਜ਼ਾਦੀ ਮਿਲੀ ਨੂੰ ਦੋ ਸਾਲ ਨਹੀਂ ਸੀ ਹੋਏ ਕਿ 11 ਮਈ 1949 ਨੂੰ 'ਹਾਲਾਤ ਬਦਲ ਗਏ' ਕਹਿ ਕੇ ਕਸਮ ਤੋੜ ਦਿੱਤੀ ਗਈ। ਸਾਰੇ ਦੇਸ਼ ਵਿੱਚ ਜ਼ੁਬਾਨ ਦੇ ਆਧਾਰ 'ਤੇ ਸੂਬੇ ਬਣਾਏ, ਪਰ ਪੰਜਾਬੀ ਵਾਸਤੇ ਸਿਰਫ ਸਿੱਖਾਂ ਨੂੰ ਅੰਦੋਲਨ ਕਰਨਾ ਪਿਆ। ਮੁੱਕਦੀ ਗੱਲ, ਬਹੁ ਗਿਣਤੀ ਨੇ ਆਪਣੀ ਮਾਂ ਬੋਲੀ ਭੁਲਾ ਦਿੱਤੀ ਤੇ ਪੰਜਾਬੀ ਸਿਰਫ ਸਿੱਖਾਂ ਦੀ ਜ਼ੁਬਾਨ ਬਣ ਕੇ ਰਹਿ ਗਈ। ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਜੋ ਕੁਝ ਝੱਲਣਾ ਪਿਆ, ਉਸ ਦੀ ਵਜ਼ਾਹਤ ਦੇਣ ਦੀ ਲੋੜ ਨਹੀਂ। ਅਜੇ ਤੱਕ ਪੰਜਾਬੀ ਨੂੰ ਬਣਦੀ ਜਗ੍ਹਾ ਨਹੀਂ ਮਿਲੀ। ਉਪਰੰਤ ਆਨੰਦਪੁਰ ਸਾਹਿਬ ਮਤਾ ਉਲੀਕਿਆ ਗਿਆ ਜੋ ਫੈਡਰਲ ਢਾਂਚੇ ਦਾ ਮੁਦਈ ਸੀ। ਇਨ੍ਹਾਂ ਦੋਵੇਂ ਹਾਲਾਤ ਤੋਂ ਪਤਾ ਲੱਗਦਾ ਹੈ ਕਿ ਕਿਸੇ ਵਕਤ ਵੱਖਵਾਦ ਦਾ ਕੋਈ ਵਿਚਾਰ ਨਹੀਂ ਸੀ ਲੇਕਿਨ ਪਤਾ ਨਹੀਂ ਕਿੱਥੋਂ ਤੇ ਕਿਵੇਂ 'ਖਾਲਿਸਤਾਨ' ਦਾ ਲਫਜ਼ ਮੂੰਹ ਵਿੱਚ ਪਾਇਆ ਗਿਆ। ਇਸ ਦਾ ਘਾੜੂ ਕੌਣ ਹੈ? ਇਸ ਪਿੱਠਭੂਮੀ, ਜੋ ਨਿਰੋਲ ਸਿਆਸਤ ਹੈ, ਵਿੱਚ ਅਕਾਲੀ ਦਲ ਦਾ ਫਰਜ਼ ਹੈ ਕਿ ਸਿੱਖਾਂ ਦੇ ਸਿਆਸੀ ਅਤੇ ਆਰਥਿਕ ਹਾਲਾਤ ਸਾਹਮਣੇ ਰੱਖ ਕੇ ਆਪਣਾ ਸਟੈਂਡ, ਭਾਵ ਸਿੱਖਾਂ ਦਾ ਸਟੈਂਡ ਦੁਨੀਆ ਸਾਹਮਣੇ ਰੱਖੇ। ਸਿੱਖ ਅਤੇ ਸਿੱਖੀ ਦਾ ਜੋ ਪ੍ਰਭਾਵ ਹੈ, ਉਹ ਅਕਾਲੀ ਦਲ ਦੇ ਕਿਰਦਾਰ ਤੋਂ ਅਕਸ ਬਣਦਾ ਤੇ ਵਿਗੜਦਾ ਹੈ, ਕਿਉਂਕਿ ਇਹ ਸਿੱਖਾਂ ਦੀ ਨੁਮਾਇੰਦਾ ਜਮਾਤ ਹੈ। ਅਕਾਲੀ ਦਲ ਦੀ ਚੁੱਪ ਘਾਤਕ ਸਾਬਤ ਹੋ ਰਹੀ ਹੈ ਤੇ ਇਸ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੇ ਪ੍ਰਧਾਨ ਨੂੰ ਰਾਏ ਦੇਣ ਦਾ ਅਧਿਕਾਰ ਨਹੀਂ। ਅਕਾਲੀ ਦਲ ਨੂੰ ਮੈਂ ਆਗਾਹ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਿੱਖ ਮਸਲੇ ਸੁਲਝਾਉਣ ਤੋਂ ਪਿੱਛੇ ਹਟ ਗਏ ਹਨ ਤਾਂ ਇਹੀ ਮਸਲੇ ਆਰ ਐਸ ਐਸ ਭਾਵ ਰਾਸ਼ਟਰੀ ਸਿੱਖ ਸੰਗਤ ਉਠਾ ਰਹੀ ਹੈ ਤੇ ਉਠਾਏਗੀ ਅਤੇ ਉਨ੍ਹਾਂ ਦੀ ਸਰਕਾਰੇ ਦਰਬਾਰੇ ਸੁਣੀ ਜਾਵੇਗੀ, ਜਿਸ ਦਾ ਲਾਭ ਸਿੱਧਾ ਆਰ ਐਸ ਐਸ ਨੂੰ ਹੋਵੇਗਾ।

1970-80 ਦੇ ਦਹਾਕੇ ਵਿੱਚ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਆਪਸੀ ਖਿੱਚੋਤਾਣ ਕਾਰਨ ਜੋ ਖਲਾਅ ਪੈਦਾ ਹੋਇਆ, ਉਸ ਨੂੰ ਸੰਤਾਂ ਨੇ ਭਰਿਆ। ਇਹ ਖਲਾਅ ਦਿੱਲੀ ਸਰਕਾਰ ਨੂੰ ਸੂਤ ਬੈਠਦਾ ਸੀ। ਉਨ੍ਹਾਂ ਨੇ ਸਾਧਾਂ ਸੰਤਅੱਗੇ ਲਾ ਕੇ ਅਕਾਲੀ ਦਲ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ। ਜਿਸ ਦਾ ਨਤੀਜਾ ਅਪਰੇਸ਼ਨ ਬਲਿਊ ਸਟਾਰ ਵਿੱਚ ਨਿਕਲਿਆ।

ਇਸ ਦੁਖਦਾਈ ਘਟਨਾ ਤੋਂ ਬਾਅਦ ਪੰਜਾਬ ਵਿੱਚ ਕਈ ਵਾਰ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਉਨ੍ਹਾਂ ਨੇ ਕੇਂਦਰ ਵਿੱਚ ਆਪਣੀ ਭਾਈਵਾਲ ਪਾਰਟੀ ਨਾਲ ਮਿਲ ਕੇ ਸਿੱਖਾਂ ਦੇ ਇਸ ਗਹਿਰੇ ਜ਼ਖਮ 'ਤੇ ਕਦੇ ਮੱਲਮ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਜਦੋਂ ਪੰਜਾਬ ਵਿੱਚ ਕਾਂਗਰਸ ਦਾ ਸਰਕਾਰ ਆਈ, ਇਨ੍ਹਾਂ ਅਕਾਲੀਆਂ ਦਾ ਸਿੱਖ ਪ੍ਰੇਮ ਉਛਾਲੇ ਮਾਰਨ ਲੱਗ ਪਿਆ। ਜਿਸ ਸਮੇਂ ਅਕਾਲੀ ਲੀਡਰ ਕੁਰਸੀ ਤੋਂ ਵਾਂਝੇ ਸਨ ਤਾਂ 'ਟਾਡਾ' ਵਰਗੇ ਕਾਲੇ ਕਾਨੂੰਨਾਂ ਦੀ ਕਿੰਨੀ ਨਿੰਦਾ ਤੇ ਵਿਰੋਧ ਕਰਦੇ ਸੀ, ਪਰ ਜਦ ਸਰਕਾਰ ਵਿੱਚ ਆਏ ਤਾਂ 'ਟਾਡਾ' ਤੋਂ ਵੀ ਭੈੜੇ ਤੇ ਖਤਰਨਾਕ ਕਾਨੂੰਨ 'ਪੋਟਾ' ਦੇ ਸਮਰਥਕ ਬਣ ਗਏ। ਜਿਨ੍ਹਾਂ ਨੌਜਵਾਨ ਸਿੱਖਾਂ ਨੂੰ 'ਟਾਡਾ' ਖਿਲਾਫ ਭੜਕਾਇਆ ਤੇ ਵਰਤਿਆ ਸੀ, ਉਨ੍ਹਾਂ ਸਭ ਦੀ ਪੀੜ ਨੂੰ ਛਿੱਕੇ ਟੰਗ ਕੇ ਧੋਖਾ ਕਰਦੇ ਹੋਏ ਭਾਜਪਾ ਨਾਲ ਜਾ ਰਲੇ। ਇਥੇ ਇਹ ਸਾਫ ਕਰ ਦੇਣਾ ਚਾਹੀਦਾ ਹੈ ਕਿ ਅਗਰ ਅਕਾਲੀ ਦਲ ਸਿੱਖਾਂ ਦੇ ਹਿੱਤਾਂ ਦੀ ਗੱਲ ਜਾਂ ਰਾਖੀ ਨਹੀਂ ਕਰ ਸਕਦਾ ਤਾਂ ਇਸ ਨੂੰ 'ਅਕਾਲੀ ਦਲ' ਨਾਂ ਦੀ ਵਰਤੋਂ ਵੀ ਨਹੀਂ ਕਰਨੀ ਚਾਹੀਦੀ।

ਅੱਜ ਜੋ ਸਾਧ ਸੰਤ ਸਿੱਖ ਸਿਆਸਤ ਵਿੱਚ ਲੀਡਰਸ਼ਿਪ ਦੀ ਕਮੀ ਦਾ ਖਲਾਅ ਭਰ ਰਹੇ ਹਨ, ਉਨ੍ਹਾਂ ਦਾ ਸਬੰਧ ਕੇਂਦਰ ਦੀ ਸਰਕਾਰ ਨਾਲ ਹੈ। ਉਹ ਪੰਜਾਬ ਦੇ ਮਸਲੇ ਲੈ ਕੇ ਪੰਜਾਬ ਦੀ ਸਿਆਸੀ ਲੀਡਰਸ਼ਿਪ ਨੂੰ ਬਾਈਪਾਸ ਕਰਕੇ ਸਿੱਧੇ ਕੇਂਦਰ ਕੋਲ ਪਹੁੰਚ ਰਹੇ ਹਨ। ਇਸ ਤਰ੍ਹਾਂ ਦੇ ਹਾਲਾਤ ਵਿੱਚ ਇਹ ਕੋਈ ਵੱਡੀ ਗੱਲ ਨਹੀਂ ਕਿ ਸਿੱਖ ਪੰਥ ਵਿੱਚ ਫਿਰ ਕੋਈ 1984 ਵਰਗੀ ਅਣਹੋਣੀ ਵਰਤਣ ਦੇ ਹਾਲਾਤ ਬਣ ਜਾਣ। ਅੱਜ ਬਚੀ ਖੁਚੀ ਅਕਾਲੀ ਲੀਡਰਸ਼ਿਪ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਦਿੱਲੀ ਦਰਬਾਰ ਵਿੱਚ ਰਾਸ਼ਟਰੀ ਸਿੱਖ ਸੰਗਤ ਦੇ ਮੈਂਬਰ ਸਿੱਖਾਂ ਦੀ ਗੱਲ ਮੰਨੀ ਜਾਵੇਗੀ ਅਤੇ ਸਿੱਖ ਪੰਥ ਵਿੱਚ ਹਰ ਚੰਗੇ ਕੰਮ ਦਾ ਸਿਹਰਾ ਇਸੇ ਰਾਸ਼ਟਰੀ ਸਿੱਖ ਸੰਗਤ ਨੂੰ ਮਿਲਣਾ ਹੈ। ਇਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਦੀ ਅਗਲੀ ਚੋਣ ਵੀ ਇਨ੍ਹਾਂ ਦੇ ਕਹੇ 'ਤੇ ਹੋਵੇਗੀ। ਇਸ ਵੱਲ ਇਸ਼ਾਰਾ ਅਖਬਾਰਾਂ ਤੋਂ ਮਿਲ ਗਿਆ ਹੈ ਕਿ ਅਕਾਲ ਤਖਤ 'ਤੇ ਕਬਜ਼ਾ ਕਰ ਲਿਆ ਹੈ। ਕਾਂਗਰਸ ਨੇ ਤਾਂ ਆਕਾਰ ਢਾਹਿਆ ਸੀ, ਭਾਜਪਾ ਵਾਲਿਆਂ ਵੱਲੋਂ ਤਾਂ ਸਿਧਾਂਤ ਢਹਿ ਜਾਣ ਦਾ ਖਤਰਾ ਬਣ ਗਿਆ ਹੈ।

ਇਕ ਵਾਰ ਫਿਰ ਰੈਫਰੈਂਡਮ 2020 ਜਾਂ ਖਾਲਿਸਤਾਨ ਵਰਗੇ ਮਸਲਿਆਂ ਨੂੰ ਮੁਖੌਟਾ ਬਣਾ ਕੇ ਪੰਜਾਬ ਦੇ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਅਰਾਜਕਤਾ ਵਿੱਚ ਕਈ ਸਿੱਖ ਆਗੂ ਆਰ ਐਸ ਐਸ ਦੀ ਗਹਿਰੀ ਚਾਲ ਤੋਂ ਬੇਖਬਰ ਆਪਣੇ ਪੈਰਾਂ 'ਤੇ ਕੁਹਾੜਾ ਮਾਰਨ ਲਈ ਜਾਣੇ ਅਣਜਾਣੇ ਵਿੱਚ ਇਸ ਚੁੰਗਲ ਵਿੱਚ ਫਸ ਰਹੇ ਹਨ। ਇਹ ਸਮਾਂ ਹੈ ਜਦੋਂ ਅਕਾਲੀ ਦਲ ਨੂੰ ਖਾਲਿਸਤਾਨ ਬਾਰੇ ਸਟੈਂਡ ਸਾਫ ਕਰਕੇ ਸਿੱਖਾਂ ਦਾ ਭਰਮ ਦੂਰ ਕਰਨਾ ਚਾਹੀਦਾ ਹੈ। ਇਸ ਪਾਰਟੀ ਵੱਲੋਂ ਗੋਲਮੋਲ ਗੱਲ ਕਰਨ ਦੀ ਥਾਂ ਸਾਫ ਲਫਜ਼ਾਂ ਵਿੱਚ ਸਿੱਖਾਂ ਨੂੰ ਖਾਲਿਸਤਾਨ ਦੇ ਦੁਬਾਰਾ ਛਿੜੇ ਮੁੱਦੇ ਬਾਰੇ ਸਪਸ਼ਟ ਰਾਏ ਦੇਣੀ ਜ਼ਰੂਰੀ ਹੋ ਜਾਂਦੀ ਹੈ, ਨਹੀਂ ਤਾਂ ਭਾਜਪਾ ਅਤੇ ਆਰ ਐਸ ਐਸ ਸਿੱਖਾਂ ਵਿੱਚ ਮਿੱਠਾ ਜ਼ਹਿਰ ਵਰਤਾ ਕੇ ਜਿਹੋ ਜਿਹੇ ਹਾਲਤ ਪੈਦਾ ਕਰ ਰਹੀ ਹੈ, ਉਸ ਨਾਲ ਸਿੱਖ ਆਪੋ ਵਿੱਚ ਆਹਮੋ ਸਾਹਮਣੇ ਆ ਜਾਣਗੇ।

ਆਫਿਸ ਵਿੱਚ ਨੌਕਰੀ ਕਰਨ ਦਾ ਸੁਨਹਿਰੀ ਮੌਕਾ

ਬਿੱਲਿੰਗ ਤੇ ਆਡਰ ਫੁਲਫਿਲਮੈਂਟ ਲਈ ਕਲਰਕ ਦੀ ਲੋੜ ਹੈ

- ਸਵੇਰ ਤੇ ਸ਼ਾਮ ਦੀਆਂ ਸ਼ਿਫਟਾਂ
- $14 ਤੋਂ $16 ਡਾਲਰ ਤੱਕ ਦੀ ਤਨਖ਼ਾਹ
- ਬੇਸਿਕ ਅੰਗਰੇਜ਼ੀ ਦੀ ਲੋੜ
- ਸਟੂਡੈਂਟ ਤੇ ਨਵੇਂ ਇੰਮੀਗ੍ਰੇਂਟ ਵੀ ਅਪਲਾਈ ਕਰ ਸਕਦੇ ਹਨ



- Process Customer Orders and Plan deliveries
- Issue Invoices and Monthly Customer Statements, Process Credit Memos
- Track Shipping log and invoices
- Report Activity to upper management
- Perform clerical duties, purchase, track and invoice office supplies

Please send your resume by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).



# ਬਾਦਲ ਪਰਿਵਾਰ ਦੇ ਬਾਲਾਸਰ ਫਾਰਮ ਤੋਂ ਕਿੰਨੂ ਚੋਰੀ ਨੇ ਪੁਲਸੀਆਂ ਦੇ ਸਾਹ ਸੁਕਾਏ

ਬਠਿੰਡਾ, 25 ਨਵੰਬਰ, (ਪੋਸਟ ਬਿਊਰੋ)- ਹਰਿਆਣੇ ਵਿੱਚ ਬਾਦਲ ਪਰਵਾਰ ਦੇ ਬਾਲਾਸਰ ਫਾਰਮ ਹਾਊਸ ਤੋਂ ਕਰੀਬ 16 ਹਜ਼ਾਰ ਰੁਪਏ ਦੇ ਕਿੰਨੂ ਚੋਰੀ ਹੋਣ ਨੇ ਹਰਿਆਣਾ ਪੁਲੀਸ ਨੂੰ ਭਾਜੜਾਂ ਪਾ ਦਿੱਤੀਆਂ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਵੀ ਦੌੜ ਲਵਾਈ ਹੈ। ਸਿਰਸਾ ਪੁਲੀਸ ਨੇ ਦੋ ਕਿੰਨੂ ਚੋਰ ਫੜ ਕੇ ਜੇਲ੍ਹ ਭੇਜੇ ਹਨ, ਜਿਨ੍ਹਾਂ ਖ਼ਿਲਾਫ਼ ਰਣੀਆ ਥਾਣੇ ਵਿਚ ਧਾਰਾ 379 ਦਾ ਮੁਕੱਦਮਾ ਦਰਜ ਕੀਤਾ ਗਿਆ ਹੈ।


ਮਿਲੀ ਜਾਣਕਾਰੀ ਅਨੁਸਾਰ ਚੋਰੀ ਦੀ ਵਾਰਦਾਤ ਦਾ ਪਤਾ ਲੱਗਦੇ ਸਾਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅੱਜ ਹਰਿਆਣਾ ਵਿੱਚ ਆਪਣੇ ਬਾਲਾਸਰ ਫਾਰਮ ਹਾਊਸ ਵਿਖੇ ਸ਼ਾਮ ਤੱਕ ਪੁੱਜ ਗਏ। ਥਾਣਾ ਰਣੀਆ ਦੇ ਮੁਖੀ ਨੇ ਸਾਬਕਾ ਮੁੱਖ ਮੰਤਰੀ ਬਾਦਲ ਦੇ ਕੋਲ ਤੁਰੰਤ ਜਾ ਕੇ ਫੜੇ ਗਏ ਚੋਰਾਂ ਤੇ ਚੋਰੀ ਦੇ ਕੇਸ ਦੀ ਪੂਰੀ ਕਾਰਵਾਈ ਦੇ ਵੇਰਵੇ ਦਿੱਤੇ। ਥਾਣਾ ਰਣੀਆ ਵਿਚ ਕਿੰਨੂ ਚੋਰ ਅਮਰਜੀਤ ਸਿੰਘ ਵਾਸੀ ਸਬਜ਼ੀ ਮੰਡੀ ਸਿਰਸਾ ਤੇ ਰਘੂਨਾਥ ਕੰਬੋਜ ਵਾਸੀ ਰਣੀਆ ਦੇ ਖ਼ਿਲਾਫ਼ ਪੁਲੀਸ ਨੇ ਕੇਸ ਦਰਜ ਕੀਤਾ ਹੈ। ਹਰਿਆਣਾ ਪੁਲੀਸ ਨੇ ਪਤਾ ਲੱਗਦੇ ਸਾਰ ਦੋਵਾਂ ਕਿੰਨੂ ਚੋਰਾਂ ਨੂੰ ਛੋਟੇ ਹਾਥੀ ਸਮੇਤ ਫੜ ਲਿਆ, ਜਿਸ ਵਿਚ ਕਰੀਬ 50 ਕਰੇਟ ਕਿੰਨੂ ਸਨ। ਇਨ੍ਹਾਂ ਦੀ ਕੀਮਤ ਕਰੀਬ 16,200 ਰੁਪਏ ਦੱਸੀ ਗਈ ਹੈ। ਪੁਲੀਸ ਨੇ ਫਾਰਮ ਹਾਊਸ ਦੇ ਮੈਨੇਜਰ ਗੁਰਬਾਜ਼ ਸਿੰਘ ਵਾਸੀ ਬਾਮ, ਜ਼ਿਲ੍ਹਾ ਮੁਕਤਸਰ ਦੇ ਬਿਆਨਾਂ ਉਤੇ ਕੇਸ ਦਰਜ ਕੀਤਾ ਹੈ।

ਦੱਸਿਆ ਗਿਆ ਹੈ ਕਿ ਬਾਦਲ ਪਰਿਵਾਰ ਦੇ ਬਾਲਾਸਰ ਫਾਰਮ ਹਾਊਸ ਵਿਚ ਕਰੀਬ 100 ਏਕੜ ਕਿੰਨੂ ਦਾ ਬਾਗ ਹੈ, ਜਿੱਥੇ ਅੱਜ ਕੱਲ੍ਹ ਫ਼ਸਲ ਪੱਕੀ ਹੋਈ ਹੈ ਤੇ ਕਿੰਨੂਆਂ ਦੀ ਰਾਖੀ ਲਈ ਰਖਵਾਲੇ ਰੱਖੇ ਹਨ। ਫਾਰਮ ਮੈਨੇਜਰ ਰਾਤ ਨੂੰ ਜਦੋਂ ਫਾਰਮ ਦਾ ਗੇੜਾ ਮਾਰਦਾ ਪਿਆ ਸੀ ਤਾਂ ਉਸ ਦੀ ਨਜ਼ਰ ਇੱਕ ਛੋਟੇ ਹਾਥੀ ਉੱਤੇ ਪਈ, ਜਿਸ ਵਿਚ ਕਿੰਨੂ ਲੋਡ ਕੀਤੇ ਹੋਏ ਸਨ। ਮੈਨੇਜਰ ਨੇ ਪੁਲੀਸ ਨੂੰ ਸੂਚਨਾ ਦਿੱਤੀ ਤਾਂ ਪੁਲੀਸ ਨੇ ਸਾਰੀ ਕਾਰਵਾਈ ਫੁਰਤੀ ਨਾਲ ਕਰ ਦਿੱਤੀ। ਇਸ ਚੋਰੀ ਦੀ ਖ਼ਬਰ ਜਦੋਂ ਬਾਦਲ ਪਰਿਵਾਰ ਨੂੰ ਪੁੱਜੀ ਤਾਂ ਸ਼ਾਮ ਤੱਕ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖ਼ੁਦ ਓਥੇ ਪੁੱਜ ਗਏ। ਸੂਤਰਾਂ ਅਨੁਸਾਰ ਪਹਿਲੀ ਵਾਰ ਫਾਰਮ ਹਾਊਸ ਉੱਤੇ ਚੋਰੀ ਹੋਈ ਅਤੇ ਚੋਰ ਫੜੇ ਗਏ ਹਨ। ਪਤਾ ਲੱਗਾ ਹੈ ਕਿ ਹਰਿਆਣਾ ਪੁਲੀਸ ਡਰੀ ਹੋਈ ਹੈ ਤੇ ਬਾਲਾਸਰ ਫਾਰਮ ਹਾਊਸ ਵੱਲ ਗਸ਼ਤ ਵਧਾ ਦਿੱਤੀ ਹੈ। ਥਾਣਾ ਰਣੀਆ ਦੇ ਮੁਖੀ ਜਗੀਰ ਸਿੰਘ ਨੇ ਦੱਸਿਆ ਕਿ ਦੋ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਸਿਰਸਾ ਜੇਲ੍ਹ ਭੇਜ ਦਿੱਤਾ ਹੈ।

# ਗੌਰੀ ਲੰਕੇਸ਼ ਨੂੰ ਮਾਰਨ ਵਾਲਿਆਂ ਦੀ ਹਿੱਟ ਲਿਸਟ ਵਿੱਚ ਦੋ ਪੰਜਾਬੀ ਸਾਹਿਤਕਾਰ ਵੀ ਸਨ

## * ਚਾਰਜਸ਼ੀਟ ਮੁਤਾਬਕ ਹਿੱਟ ਲਿਸਟ ਵਿੱਚ 34 ਨਾਂਅ ਨਿਕਲੇ

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਕਰਨਾਟਕਾ ਵਿੱਚ ਪੱਤਰਕਾਰ ਗੌਰੀ ਲੰਕੇਸ਼ ਨੂੰ ਕਾਤਲ ਕਰਨ ਵਾਲਿਆਂ ਦੀ ਹਿੱਟ ਲਿਸਟ ਉੱਤੇ ਦੋ ਪੰਜਾਬੀ ਵਿਦਵਾਨ ਵੀ ਸਨ। ਗੌਰੀ ਲੰਕੇਸ਼ ਕਤਲ ਕੇਸ ਵਿੱਚ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿੱਚ ਦਾਖਲ ਕਰਵਾਈ ਐਡੀਸ਼ਨਲ ਚਾਰਜਸ਼ੀਟ ਵਿੱਚ 34 ਉਘੇ ਵਿਅਕਤੀਆਂ ਦੇ ਨਾਂਅ ਦਰਜ ਕੀਤੇ ਹਨ ਜਿਨ੍ਹਾਂ ਨੂੰ ਕੱਟੜਪੰਥੀ ਹਿੰਦੂ ਜਥੇਬੰਦੀ ਦੇ ਲੋਕ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ।




ਮਿਲੀ ਜਾਣਕਾਰੀ ਅਨੁਸਾਰ ਪਟਿਆਲਾ ਦੇ ਪ੍ਰੋਫੈਸਰ ਚਮਨ ਲਾਲ ਤੇ ਮੁਹਾਲੀ ਦੇ ਪ੍ਰੋਫੈਸਰ ਆਤਮਜੀਤ ਤੋਂ ਇਲਾਵਾ ਉਘੇ ਪੱਤਰਕਾਰ ਸਿਧਾਰਥ ਵਰਧਰਾਜਨ ਵੀ ਹਿੰਦੂ ਕੱਟੜਪੰਥੀਆਂ ਦੀ ਹਿੱਟ ਲਿਸਟ ਵਿੱਚ ਸ਼ਾਮਲ ਹਨ। ਇਨ੍ਹਾਂ ਵਿੱਚ ਅੱਠ ਜਣੇ ਕਰਨਾਟਕ ਤੋਂ ਅਤੇ 26 ਹੋਰ ਰਾਜਾਂ ਨਾਲ ਸੰਬੰਧਤ ਹਨ। ਪ੍ਰੋਫੈਸਰ ਚਮਨ ਲਾਲ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਭਾਰਤੀ ਭਾਸ਼ਾਵਾਂ ਦੇ ਕੇਂਦਰ ਵਿੱਚ ਹਿੰਦੀ ਦੇ ਪ੍ਰੋਫੈਸਰ ਹਨ। ਉਹ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਕਾਰਜਾਂ ਬਾਰੇ ਲਿਖਣ ਲਈ ਜਾਣੇ ਜਾਂਦੇ ਹਨ। ਖਾਲਿਸਤਾਨੀ ਹੋਣ ਜਾਂ ਹਿੰਦੂ ਮੂਲਵਾਦੀ ਹੋਣ, ਪ੍ਰੋਫੈਸਰ ਚਮਨ ਲਾਲ ਹਰ ਕਿਸਮ ਦੀ ਸੱਜੇ ਪੱਖੀ ਰਾਜਨੀਤੀ ਦੇ ਆਲੋਚਕ ਰਹੇ ਹਨ। ਇਸ ਸੰਬੰਧ ਵਿੱਚ ਪ੍ਰੋਫੈਸਰ ਚਮਨ ਲਾਲ ਨੇ ਦੱਸਿਆ ਕਿ ਤਿੰਨ ਮਹੀਨੇ ਪਹਿਲਾਂ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਦਾ ਇੱਕ ਅਫਸਰ ਉਨ੍ਹਾਂ ਕੋਲ ਆਇਆ ਤੇ ਉਸ ਨੇ ਸੁਰੱਖਿਆ ਦੀ ਪੇਸ਼ਕਸ਼ ਕੀਤੀ ਸੀ। ਉਸ ਨੇ ਦੱਸਿਆ ਸੀ ਕਿ ਉਹ ਕੇਂਦਰੀ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ਉੱਤੇ ਆਇਆ ਹੈ।

ਮੁਹਾਲੀ ਵਿੱਚ ਸਾਹਿਤ ਅਕਾਦਮੀ ਐਵਾਰਡ ਜੇਤੂ ਪੰਜਾਬੀ ਨਾਟਕਕਾਰ ਆਤਮਜੀਤ ਦਾ ਨਾਂਅ ਵੀ ਹਿੰਦੂ ਕੱਟੜਪੰਥੀ ਟੋਲਿਆਂ ਦੀ ਹਿੱਟ ਲਿਸਟ ਵਿੱਚ ਨਿਕਲਿਆ ਹੈ। ਤਿੰਨ ਕੁ ਮਹੀਨੇ ਪਹਿਲਾਂ ਪੰਜਾਬ ਪੁਲਸ ਦੇ ਇੱਕ ਅਫਸਰ ਨੇ ਆਤਮਜੀਤ ਦੇ ਘਰ ਜਾ ਕੇ ਸੁਰੱਖਿਆ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਨ੍ਹਾਂ ਦੋਵੇਂ ਸਾਹਿਤਕਾਰਾਂ ਨੇ ਉਘੇ ਵਿਦਵਾਨਾਂ ਅਤੇ ਪੱਤਰਕਾਰਾਂ ਦੇ ਕਤਲਾਂ ਦੇ ਖਿਲਾਫ ਰੋਸ ਵਜੋਂ ਸਾਹਿਤ ਅਕਾਦਮੀ ਐਵਾਰਡ ਮੋੜ ਦਿੱਤੇ ਸਨ ਅਤੇ ਦੋਵਾਂ ਨੇ ਨਿੱਜਤਾ ਦਾ ਹਵਾਲਾ ਦੇ ਕੇ ਸੁਰੱਖਿਆ ਲੈਣ ਤੋਂ ਨਾਂਹ ਕਰ ਦਿੱਤੀ ਸੀ। ਪ੍ਰੋਫੈਸਰ ਚਮਨ ਲਾਲ ਨੇ ਦੱਸਿਆ ਕਿ ਸਿਆਸੀ ਵਿਚਾਰਾਂ ਦੀ ਸਾਂਝ ਤੋਂ ਇਲਾਵਾ ਉਨ੍ਹਾਂ ਅਤੇ ਆਤਮਜੀਤ ਵਿਚਾਲੇ ਸੰਪਰਕ ਕੜੀ ਇਹ ਵੀ ਹੈ ਕਿ ਦੋਵਾਂ ਨੇ 30 ਅਗਸਤ 2016 ਨੂੰ ਧਾਰਵਾੜ, ਕਰਨਾਟਕ ਵਿੱਚ ਸਾਬਕਾ ਵਾਈਸ ਚਾਂਸਲਰ ਐੱਮ ਐੱਮ ਕਲਬੁਰਗੀ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ ਵਿੱਚ ਸੰਬੋਧਨ ਕੀਤਾ ਸੀ। ਹਿੱਟ ਲਿਸਟ ਵਿਚਲੇ ਇੱਕ ਹੋਰ ਪੱਤਰਕਾਰ ਅੰਤਰਾ ਸੇਨ ਨੇ ਆਖਿਆ, 'ਹੋ ਸਕਦਾ ਹੈ ਕਿ ਉਨ੍ਹਾਂ ਹਮਲਾਵਰਾਂ ਨੇ ਸਾਨੂੰ ਧਾਰਵਾੜ ਵਾਲੇ ਸਮਾਗਮ ਵਿੱਚ ਵੇਖਿਆ ਹੋਵੇ।'

ਵਿਸ਼ੇਸ਼ ਜਾਂਚ ਟੀਮ ਨੇ ਗੌਰੀ ਲੰਕੇਸ਼ ਕਤਲ ਕੇਸ ਵਿੱਚ ਕੱਟੜਪੰਥੀ ਹਿੰਦੂ ਜਥੇਬੰਦੀ ਸਨਾਤਨ ਸੰਸਥਾ ਨਾਲ ਜੁੜੇ ਹੋਏ ਕਈ ਕਾਰਕੁਨਾਂ ਦੇ ਵਿਰੁੱਧ ਸਪਲੀਮੈਂਟਰੀ ਚਾਰਜਸ਼ੀਟ ਪੇਸ਼ ਕੀਤੀ ਹੈ। ਐੱਸ ਆਈ ਟੀ ਨੇ ਕੱਲ੍ਹ ਪ੍ਰਿੰਸੀਪਲ ਸੈਸ਼ਨਜ਼ ਕੋਰਟ ਵਿੱਚ 9235 ਸਫਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ। ਵਿਸ਼ੇਸ਼ ਸਰਕਾਰੀ ਵਕੀਲ ਐਸ ਬਾਲਨ ਨੇ ਦੱਸਿਆ ਕਿ ਕਾਤਲ ਅਤੇ ਮ੍ਰਿਤਕ ਦੀ ਆਪੋ ਵਿੱਚ ਨਿੱਜੀ ਰੰਜ਼ਿਸ਼ ਨਹੀਂ ਸੀ। ਫਿਰ ਉਸ ਦਾ ਕਤਲ ਕਿਉਂ ਕੀਤਾ ਗਿਆ? ਕਿਉਂਕਿ ਉਸ ਦੀ ਕੋਈ ਵਿਚਾਰਧਾਰਾ ਅਤੇ ਕੋਈ ਜਥੇਬੰਦੀ ਹੋ ਸਕਦੀ ਸੀ। ਐੱਸ ਆਈ ਟੀ ਦੇ ਸੂਤਰਾਂ ਮੁਤਾਬਕ ਇਸ ਅਪਰਾਧ ਵਿੱਚ ਕਤਲ ਕਰਨ ਵਾਲੇ ਨਿਸ਼ਾਨੇਬਾਜ਼ ਪਰਸ਼ੂਰਾਮ ਵਾਘਮਾਰੇ, ਸਾਜ਼ਿਸ਼ ਕਰਤਾ ਅਮੋਲ ਕਾਲੇ, ਸੁਜੀਤ ਕੁਮਾਰ ਉਰਫ ਪ੍ਰਵੀਨ ਅਤੇ ਅਮਿਤ ਦੇਗਵੇਕਰ ਸਮੇਤ 18 ਲੋਕ ਨਾਮਜ਼ਦ ਕੀਤੇ ਗਏ ਹਨ।

# ਪੰਜਾਬ ਵਿੱਚ ਅਕਾਲੀ ਦਲ ਰਾਜ ਦੌਰਾਨ ਗੁੰਡੇ ਪੈਦਾ ਹੋਏ: ਨਵਜੋਤ ਕੌਰ ਸਿੱਧੂ

ਲੁਧਿਆਣਾ, 25 ਨਵੰਬਰ (ਪੋਸਟ ਬਿਊਰੋ)- ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਦਾ ਕਹਿਣਾ ਹੈ ਕਿ ਸਿੱਧੂ ਇਕ ਵਾਰ ਫਿਰ ਪਾਕਿਸਤਾਨ ਜਾਣਗੇ ਤੇ ਕਰਤਾਰਪੁਰ ਸਾਹਿਬ ਮੱਥਾ ਟੇਕ ਕੇ ਆਉਣਗੇ, ਜੋ ਕੁਝ ਕੀਤਾ ਹੈ, ਉਹ ਬਾਬਾ ਨਾਨਕ ਨੇ ਕੀਤਾ ਹੈ, ਕਿਸੇ ਹੋਰ ਨੂੰ ਇਸ ਦਾ ਕ੍ਰੈਡਿਟ ਨਹੀਂ ਲੈਣਾ ਚਾਹੀਦਾ ਹੈ। ਉਹ ਏਥੇ ਗੁਰੂ ਨਾਨਕ ਪਬਲਿਕ ਸਕੂਲ ਵਿਚ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਬੋਲ ਰਹੇ ਸਨ।



ਬੀਬੀ ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਭਾਰਤ ਸਰਕਾਰ ਨੇ ਜੋ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫ਼ੈਸਲਾ ਲਿਆ ਹੈ, ਉਸ ਦਾ ਕ੍ਰੈਡਿਟ ਕਿਸੇ ਨੂੰ ਨਹੀਂ ਲੈਣਾ ਚਾਹੀਦਾ ਹੈ। ਸਾਰੇ ਜਾਣਦੇ ਹਨ ਕਿ ਇਹ ਕਿਸ ਨੇ ਕੀ ਕੀਤਾ ਹੈ, ਇਹ ਬਾਬਾ ਨਾਨਕ ਦੀ ਕ੍ਰਿਪਾ ਹੋਈ ਕਿ ਲੋਕਾਂ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਮੌਕਾ ਮਿਲ ਰਿਹਾ ਹੈ।

ਇਸ ਮੌਕੇ ਬੀਬੀ ਨਵਜੋਤ ਕੌਰ ਸਿੱਧੂ ਨੇ ਅਕਾਲੀ ਆਗੂਆਂ ਉੱਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਨ੍ਹਾਂ ਦੇ ਰਾਜ ਵਿਚ ਪੰਜਾਬ ਵਿਚ ਗੁੰਡੇ ਪੈਦਾ ਹੋਣ ਨਾਲ ਪੰਜਾਬ ਦਾ ਮਾਹੌਲ ਅਜੇ ਤੱਕ ਵਿਗੜਿਆ ਪਿਆ ਹੈ, ਪਰ ਛੇਤੀ ਹੀ ਦਰੁਸਤ ਹੋ ਜਾਵੇਗਾ, ਲੋਕਾਂ ਨੂੰ ਡਰਨ ਦੀ ਜ਼ਰੂਰਤ ਨਹੀਂ ਹੈ।

ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਇੱਕ ਵਾਰ ਫਿਰ ਪਾਕਿਸਤਾਨ ਜਾਣ ਲਈ ਹਾਂ ਕਰਨ ਬਾਰੇ ਨਵਜੋਤ ਕੌਰ ਸਿੱਧੂ ਨੇ ਇਕ ਅੰਗਰੇਜ਼ੀ ਵੈਬਸਾਈਟ ਨਾਲ ਗੱਲ ਕਰਦੇ ਹੋਏ ਕਿਹਾ ਹੈ ਕਿ ਜੇ ਸਰਕਾਰ ਇਜਾਜ਼ਤ ਦੇਵੇਗੀ ਤਾਂ ਉਹ ਪਾਕਿਸਤਾਨ ਜ਼ਰੂਰ ਜਾਣਗੇ। ਵਰਨਣ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਵਲੋਂ ਦਿਤੇ ਸੱਦੇ ਬਾਰੇ ਕਿਹਾ ਕਿ ਮੇਰੇ ਇਹ ਸਨਮਾਨ ਦੀ ਗੱਲ ਹੈ ਕਿ ਮੈਂ ਇਕ ਇਤਿਹਾਸ ਬਣਾਵਾਂਗਾ। ਮੇਰੇ ਲਈ ਇਸ ਤੋਂ ਵੱਧ ਖੁਸ਼ੀ ਦੀ ਗੱਲ ਕੋਈ ਨਹੀਂ ਹੋਵੇਗੀ ਕਿ ਮੇਰੀ ਪੱਗ ਉਸ ਥਾਂ ਨੂੰ ਛੂਹੇਗੀ, ਜਿਥੇ ਗੁਰੂ ਨਾਨਕ ਦੇਵ ਜੀ ਚੱਲਿਆ ਕਰਦੇ ਸਨ।

# ਸੜਕ ਹਾਦਸੇ ਵਿੱਚ ਕਾਰ ਚਾਲਕ ਦੀ ਮੌਤ

ਬਰਨਾਲਾ, 25 ਨਵੰਬਰ (ਪੋਸਟ ਬਿਊਰੋ)- ਦੇਰ ਰਾਤ ਬਰਨਾਲਾ ਦੇ ਬਾਜ਼ਾਖਾਨਾ ਰੋਡ ਵਿਖੇ ਸੜਕ ਹਾਦਸਿਆਂ ਵਿੱਚ ਦੋ ਵਿਅਕਤੀ ਗੰਭੀਰ ਜ਼ਖਮੀ ਹੋ ਗਏ ਅਤੇ ਇੱਕ ਨੌਜਵਾਨ ਲੜਕੀ ਦੀ ਮੌਤ ਹੋ ਗਈ। ਐਂਬੂਲੈਂਸ ਚਾਲਕ ਪਾਇਲਟ ਸੁਖਜੀਤ ਸਿੰਘ ਤੇ ਈ ਐਮ ਟੀ ਮਨਦੀਪ ਸਿੰਘ ਨੇ ਜ਼ਖਮੀਆਂ ਨੂੰ ਸਿਵਲ ਹਸਪਤਾਲ ਭਰਤੀ ਕਰਵ-ਾਇਆ।

ਮਿਲੀ ਜਾਣਕਾਰੀ ਅਨੁਸਾਰ ਬਰਨ-ਾਲਾ ਬਾਜਾਖਾਨਾ ਹਾਈਵੇ ਉੱਤੇ ਦੇਰ ਰਾਤ ਇੱਕ ਮਾਰੂਤੀ ਸਾਹਮਣੇ ਆਏ ਵਾਹਨ ਨੂੰ ਬਚਾਉਂਦਿਆਂ ਬੇਕਾਬੂ ਹੋ ਕੇ ਪੁਲ ਦੀ ਰੇਲਿੰਗ ਨਾਲ ਜਾ ਵੱਜੀ। ਰੇਲਿੰਗ ਉਤੇ ਲੱਗਿਆ ਲੋਹੇ ਦਾ ਰਾਡ ਇਸ ਹਾਦਸੇ ਵਿੱਚ ਗੱਡੀ ਦੇ ਚਾਲਕ ਅਮਨਦੀਪ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਨਗਰ, ਬਰਨ-ਾਲਾ ਦੇ ਸਰੀਰ ਤੋਂ ਪਾਰ ਨਿਕਲ ਗਿਆ, ਜੋ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ। ਉਨ੍ਹਾਂ ਨਾਲ ਬੈਠੀ ਉਨ੍ਹਾਂ ਦੀ ਪਤਨੀ ਪਿੰਦਰਜੀਤ ਕੌਰ ਗੰਭੀਰ ਜ਼ਖਮੀ ਹੋ ਗਈ ਤੇ ਉਨ੍ਹਾਂ ਦੀ 14 ਸਾਲਾ ਲੜਕੀ ਬਲਜੋਤ ਕੌਰ ਦੀ ਮੌਕੇ 'ਤੇ ਮੌਤ ਹੋ ਗਈ।

# ਰਾਜਸਥਾਨੀਓ, ਜੇ ਨਾ ਜਿਤਾਇਆ ਤਾਂ ਮਗਰ ਕੁੱਤੇ ਪਾ ਦੇਵਾਂਗੇ: ਰਾਜਾ ਵੜਿੰਗ

ਦੋਦਾ, 25 ਨਵੰਬਰ (ਪੋਸਟ ਬਿਊਰੋ)- ਗਿੱਦੜਬਾਹਾ ਤੋਂ ਕਾਂਗਰਸ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ ਵਿੱਚ ਉਸ ਨੇ ਵਿਵਾਦਤ ਭਾਸ਼ਣ ਦਿੱਤਾ ਹੈ। ਰਾਜਾ ਵੜਿੰਗ ਰਾਜਸਥਾਨ 'ਚ ਕਾਂਗਰਸ ਦੇ ਉਮੀਦਵਾਰਾਂ ਦੇ ਹੱਕ 'ਚ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਕਰ ਰਹੇ ਹਨ।



ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਰਾਜਸਥਾਨ ਦੇ ਪੀਲੀਆਂ ਬੰਗਾਂ ਵਿਧਾਨ ਸਭਾ ਹਲਕੇ 'ਚ ਇਕ ਰੈਲੀ ਦੌਰਾਨ ਉਮੀਦਵਾਰ ਵਿਨੋਦ ਗੋਠਵਾਲ ਲਈ ਚੋਣ ਪ੍ਰਚਾਰ ਕਰਦੇ ਹੋਏ ਕਿਹਾ ਕਿ ਜੇ ਉਨ੍ਹਾਂ ਲੋਕਾਂ ਨੇ ਗੋਠਵਾਲ ਨੂੰ ਵੀਹ ਹਜ਼ਾਰ ਵੋਟਾਂ ਨਾਲ ਜਿਤਾਇਆ ਤਾਂ ਜਦੋਂ ਵੀ ਕੋਈ ਪੰਜਾਬ ਆਵੇਗਾ, ਉਸ ਦੀ ਸੇਵਾ ਕਰਾਂਗੇ, ਚਾਹ ਨਾਲ ਗੁਲਾਬ ਜਾਮਣਾਂ ਖੁਆਵਾਂਗੇ, ਰਾਤ ਨੂੰ ਖੰਘ ਦੀ ਦਵਾਈ ਵੀ ਪਿਆਵਾਂਗੇ। ਜੇ ਤੁਸੀਂ ਨਹਾਉਣਾ ਚਾਹੁੰਦੇ ਹੋ ਤਾਂ ਖੰਘ ਦੀ ਦਵਾਈ ਨਾਲ ਨਹਾ ਦੇਵਾਂਗੇ, ਪਰ ਜੇ ਉਹ ਨਾ ਜਿੱਤੇ ਅਤੇ ਤੁਸੀਂ ਪੰਜਾਬ ਆਏ ਤਾਂ ਤੁਹਾਡੇ ਮਗਰ ਕੁੱਤੇ ਛੱਡ ਦਿਆਂਗੇ। ਰਾਜਾ ਵੜਿੰਗ ਤਾਂ ਇਹ ਗੱਲ ਵੀ ਕਹਿ ਰਹੇ ਹਨ ਕਿ ਸਰਹੱਦ ਤੋਂ ਪਾਰ ਉਨ੍ਹਾਂ ਦੀ ਸਰਕਾਰ ਹੈ, ਜਿਥੇ ਅਧਿਕਾਰੀਆਂ ਦੀ ਨਹੀਂ, ਉਨ੍ਹਾਂ ਦੀ ਚੱਲਦੀ ਹੈ।

ਗਿੱਦੜਬਾਹਾ ਤੋਂ ਅਕਾਲੀ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਇਸ ਬਿਆਨ ਉੱਤੇ ਵੜਿੰਗ ਬਾਰੇ ਕਿਹਾ ਕਿ ਰਾਜਾ ਵੜਿੰਗ ਦਿਮਾਗੀ ਤਵਾਜ਼ਨ ਗੁਆ ਚੁੱਕੇ ਹਨ। ਇਸ ਬਾਰੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਮੈਂ ਸ਼ਰਾਬ ਦੇ ਨਸ਼ੇ ਬਾਰੇ ਨਹੀਂ ਕਿਹਾ, ਮੈਂ ਤਾਂ ਖੰਘ ਦੀ ਦਵਾਈ ਦੀ ਗੱਲ ਕੀਤੀ ਹੈ।

# ਝੋਨੇ ਦੀਆਂ 86,939 ਬੋਰੀਆਂ ਦੀ ਜਾਅਲੀ ਖਰੀਦ ਫੜੀ ਗਈ

ਚੰਡੀਗੜ੍ਹ, 25 ਨਵੰਬਰ (ਪੋਸਟ ਬਿਊਰੋ)- ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਨੂੰ ਜਾਅਲੀ ਬਿਲਿੰਗ ਅਤੇ ਖਰੀਦ ਵਿੱਚ ਗੜਬੜੀ ਦੇ ਕਈ ਕੇਸ ਪਤਾ ਲੱਗੇ ਹਨ। ਵਿਭਾਗ ਨੇ 5.6 ਕਰੋੜ ਰੁਪਏ ਕੀਮਤ ਦੀਆਂ ਝੋਨੇ ਦੀਆਂ 86,939 ਬੋਰੀਆਂ ਜਾਅਲੀ ਖਰੀਦ ਫੜੀ ਹੈ। ਇਸ ਦੀ ਪੁਸ਼ਟੀ ਵਿਭਾਗ ਦੇ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਕੀਤੀ ਹੈ। ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਹੋਰ ਰਾਜਾਂ ਤੋਂ ਪੰਜਾਬ ਵੱਲ ਝੋਨਾ ਆ ਰਿਹਾ ਹੈ। ਇਸ ਬਾਰੇ ਪਨਸਪ ਤੇ ਜ਼ਿਲਾ ਮੈਨੇਜਰਾਂ ਦੀ 20 ਨਵੰਬਰ ਦੀ ਮੀਟਿੰਗ ਵਿੱਚ ਉਨ੍ਹਾਂ ਨੇ ਨਿੱਜੀ ਤੌਰ ਉੱਤੇ ਮਿੱਲਾਂ ਵੱਲੋਂ ਕੀਤੀ ਖਰੀਦ ਅਤੇ ਮਿੱਲਾਂ ਵਿੱਚ ਪਏ ਸਟਾਕ ਦੀ ਮੁੜ ਤੋਂ ਚੈਕਿੰਗ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ। ਜ਼ਿਲਾ ਮੈਨੇਜਰ ਫਿਰੋਜ਼ਪੁਰ ਨੇ 21 ਨਵੰਬਰ ਨੂੰ ਜੀਵਾਂ ਅਰਾਈਆਂ ਅਤੇ ਪੰਜੇ ਕੇ ਉਤਾੜ ਮੰਡੀਆਂ ਦੇ ਆੜ੍ਹਤੀਆਂ ਮੈਸਰਜ਼ ਰੀਤ ਐਂਟਰਪ੍ਰਾਈਜ਼ਜ਼ (ਜਸਵਿੰਦਰ ਸਿੰਘ), ਮੈਸਰਜ਼ ਜਗਦੀਸ਼ ਚੰਦਰ ਐਂਡ ਸੰਨਜ਼ (ਮਾਲਕ ਸੰਦੀਪ ਕੁਮਾਰ) ਅਤੇ ਧਰੁਵ ਕਮਿਸ਼ਨ ਏਜੰਟ (ਮਾਲਕ ਰਿਸ਼ੂ ਮੁਤਨੇਜਾ), ਦੀ ਚੈਕਿੰਗ ਕੀਤੀ ਤਾਂ ਇਨ੍ਹਾਂ ਵੱਲੋਂ ਕੀਤੀ ਖਰੀਦ ਵਿੱਚ ਖਾਮੀਆਂ ਮਿਲੀਆਂ। ਇਨ੍ਹਾਂ ਨੇ ਝੋਨੇ ਦੀਆਂ ਸਨਰਾਈਜ਼ ਰਾਈਸ ਮਿੱਲ ਜੀਵਾਂ ਅਰਾਈਆਂ, ਤਹਿਸੀਲ ਗੁਰੂਹਰਸਹਾਏ ਨਾਲ ਮਿਲ ਕੇ 86,939 ਬੋਰੀਆਂ ਝੋਨੇ ਦੀ ਖਰੀਦ ਕੀਤੀ ਸੀ, ਜਿਸ ਦੇ ਬਦਲੇ 5.6 ਕਰੋੜ ਰੁਪਏ ਰਕਮ ਲਈ ਗਈ। ਮਿੱਲ ਮਾਲਕ ਨੇ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਝੋਨਾ ਖਰੀਦਣ ਦੀ ਯੋਜਨਾ ਬਣਾਈ ਸੀ।

# ਦੋ ਧੀਆਂ ਨੇ ਪਤੀਆਂ ਨਾਲ ਮਿਲ ਕੇ ਮਕਾਨ ਵੇਚਿਆ ਅਤੇ ਮਾਂ-ਭਰਾ ਨੂੰ ਬੇਘਰ ਕਰ ਦਿੱਤਾ

ਮੋਗਾ, 25 ਨਵੰਬਰ (ਪੋਸਟ ਬਿਊਰੋ)- ਸਰਕਾਰੀ ਹਸਪਤਾਲ ਦੇ ਸਾਹਮਣੇ 85 ਸਾਲ ਉਮਰ ਦੀ ਪ੍ਰੀਤਮ ਕੌਰ ਦਾ ਸੱਤ ਮਰਲੇ ਦਾ ਮਕਾਨ ਧੋਖੇ ਨਾਲ ਵੇਚਣ ਦੇ ਦੋਸ਼ ਵਿੱਚ ਸਿਟੀ ਪੁਲਸ ਨੇ ਉਸ ਦੀਆਂ ਦੋ ਧੀਆਂ ਅਤੇ ਦੋ ਜਵਾਈਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਦੋਸ਼ੀ ਅਮਰਜੀਤ ਕੌਰ ਤੇ ਉਸ ਦਾ ਪਤੀ ਕੁਲਵਿੰਦਰ ਸਿੰਘ (ਮੋਹਾਲੀ) ਅਤੇ ਪਰਮਜੀਤ ਕੌਰ ਅਤੇ ਉਸ ਦਾ ਪਤੀ ਬਲਦੇਵ ਸਿੰਘ (ਨੰਗਲ ਖੁਰਦ) ਰਹਿੰਦੇ ਹਨ।

ਐੱਸ ਐੱਸ ਪੀ ਮੋਗਾ ਨੂੰ 18 ਜੂਨ ਨੂੰ ਦਿੱਤੀ ਸ਼ਿਕਾਇਤ ਵਿੱਚ ਪ੍ਰੀਤਮ ਕੌਰ ਨੇ ਦੱਸਿਆ ਸੀ ਕਿ ਉਸ ਦੀਆਂ ਤਿੰਨ ਧੀਆਂ ਅਤੇ ਇੱਕ ਪੁੱਤਰ ਹੈ। ਪੁੱਤਰ ਜਸਵਿੰਦਰ ਸਿੰਘ (40) ਦਿਮਾਗੀ ਤੌਰ ਉੱਤੇ ਠੀਕ ਨਹੀਂ। ਉਸ ਦੇ ਪਤੀ ਬਲਦੇਵ ਸਿੰਘ ਦੀ 18 ਸਾਲ ਪਹਿਲਾਂ ਮੌਤ ਹੋ ਗਈ ਸੀ। ਦੋ ਵੱਡੀਆਂ ਧੀਆਂ ਨੇ ਭਰਾ ਦਾ ਦਿਮਾਗੀ ਇਲਾਜ ਕਰਾਉਣ ਦੇ ਨਾਂਅ ਉੱਤੇ ਬੈਂਕ ਵਿੱਚ ਖਾਤਾ ਖੋਲ੍ਹਣ ਦੀ ਗੱਲ ਕਹਿ ਕੇ ਕਾਗਜ਼ਾਂ ਉੱਤੇ ਉਸ ਦਾ ਅੰਗੂਠਾ ਲਗਵਾ ਲਿਆ ਤੇ ਕੁਝ ਮਰਲੇ ਪੱਤੀ ਮਾਲੋਕੀ ਦੇ ਸਤਨਾਮ, ਵਿਜੇ ਅਤੇ ਜੀਤ ਅਤੇ ਕੁਝ ਮਰਲੇ ਭਲੂਰ ਦੀ ਗਿਆਨ ਕੌਰ ਦੇ ਨਾਂਅ ਕਰਵਾ ਦਿੱਤੇ। ਉਨ੍ਹਾਂ ਨੇ ਜ਼ਮੀਨ 68 ਲੱਖ ਰੁਪਏ ਵਿੱਚ ਵੇਚੀ, ਪਰ ਤਿੰਨ ਰਜਿਸਟਰੀਆਂ ਛੇ ਲੱਖ 60 ਹਜ਼ਾਰ, ਨੌਂ ਲੱਖ ਅਤੇ 15 ਲੱਖ 60 ਹਜ਼ਾਰ ਰੁਪਏ ਵਿੱਚ ਕਰਵਾਈਆਂ ਸਨ। ਇਸ ਦੇ ਬਾਅਦ ਉਸ ਨੂੰ ਅਤੇ ਉਸ ਦੇ ਬੇਟੇ ਨੂੰ ਘਰੋਂ ਬਾਹਰ ਕੱਢ ਦਿੱਤਾ। ਬਲਦੇਵ ਸਿੰਘ ਕਤਲ ਕੇਸ ਵਿੱਚ ਸੱਤ ਸਾਲ ਸਜ਼ਾ ਕੱਟ ਕੇ ਕੁਝ ਸਮਾਂ ਪਹਿਲਾਂ ਹੀ ਜੇਲ੍ਹ ਤੋਂ ਆਇਆ ਹੈ। ਐੱਸ ਪੀ (ਡੀ) ਵੱਲੋਂ ਕੀਤੀ ਗਈ ਜਾਂਚ ਦੇ ਬਾਅਦ ਕੇਸ ਦਰਜ ਕੀਤਾ ਗਿਆ ਅਤੇ ਅਗਲੀ ਕਾਰਵਾਈ ਸ਼ੁਰੂ ਕੀਤੀ ਗਈ ਹੈ।

# ਐਨ ਆਰ ਆਈ ਨੇ ਪਤਨੀ ਦੇ ਕਤਲ ਪਿੱਛੋਂ ਖ਼ੁਦਕੁਸ਼ੀ ਕੀਤੀ

ਮੋਗਾ, 25 ਨਵੰਬਰ (ਪੋਸਟ ਬਿਊਰੋ)- ਕੱਲ੍ਹ ਸ਼ਾਮ ਮੋਗਾ ਜ਼ਿਲੇ ਦੇ ਪਿੰਡ ਦੌਧਰ ਵਿਖੇ ਇਕ ਕੈਨੇਡਾ ਤੋਂ ਆਏ ਹੋਏ ਐਨ ਆਰ ਆਈ ਨੇ ਆਪਣੀ ਪਤਨੀ ਦਾ ਕਾਪੇ ਮਾਰ ਕੇ ਕਤਲ ਕਰ ਦੇਣ ਪਿੱਛੋਂ ਖ਼ੁਦਕੁਸ਼ੀ ਕਰ ਲਈ।

ਮਿਲੀ ਜਾਣਕਾਰੀ ਮੁਤਾਬਕ ਮੁਕੇਰੀਆਂ ਦੇ ਪਿੰਡ ਬਰਿਆਣਾ ਦੇ ਗੁਰਮੇਲ ਸਿੰਘ ਨੇ ਆਪਣੀ ਪਹਿਲੀ ਪਤਨੀ ਛੱਡ ਦਿੱਤੀ ਅਤੇ ਉਸ ਨਾਲ ਸਾਰੇ ਰਿਸ਼ਤੇ ਖਤਮ ਕਰਨ ਪਿੱਛੋਂ ਪਿੰਡ ਦੌਧਰ ਦੀ ਵਿਧਵਾ ਗੁਰਜੀਤ ਕੌਰ ਨਾਲ ਕਰੀਬ ਪੌਣੇ ਦੋ ਸਾਲ ਪਹਿਲਾਂ 12 ਮਾਰਚ 2017 ਨੂੰ ਦੂਜਾ ਵਿਆਹ ਕਰਵਾ ਲਿਆ ਸੀ ਅਤੇ ਫਿਰ ਕੈਨੇਡਾ ਚਲਾ ਗਿਆ ਸੀ। ਉਹ ਛੇ ਨਵੰਬਰ ਨੂੰ ਕੈਨੇਡਾ ਤੋਂ ਵਾਪਸ ਆਇਆ ਅਤੇ ਦੀਵਾਲੀ ਵੀ ਆਪਣੇ ਦੌਧਰ ਵਿਖੇ ਘਰ ਵਿੱਚ ਹੀ ਮਨਾਈ। ਉਹ ਛੇ ਦਿਨ ਤੋਂ ਆਪਣੇ ਪਿੰਡ ਬਰਿਆਣਾ (ਮੁਕੇਰੀਆਂ) ਗਿਆ ਹੋਇਆ ਸੀ, ਜਦ ਉਹ ਸ਼ਾਮ ਨੂੰ ਕਾਰ 'ਚ ਪਿੰਡ ਦੌਧਰ ਵਿਖੇ ਆਪਣੇ ਇਕ ਹੋਰ ਸਾਥੀ ਨਾਲ ਘਰ ਆਇਆ ਤਾਂ ਉਸ ਦੇ ਹੱਥ ਵਿੱਚ ਅਟੈਚੀ ਫੜਿਆ ਸੀ ਤੇ ਉਸ ਨੇ ਘਰ ਵੜਦਿਆਂ ਸਾਰ ਹੀ ਆਪਣੀ ਪਤਨੀ ਗੁਰਜੀਤ ਕੌਰ ਨਾਲ ਬੋਲ ਕਬੋਲ ਸ਼ੁਰੂ ਕਰ ਦਿੱਤਾ ਅਤੇ ਉਸ ਨੇ ਕਾਪਾ ਕੱਢ ਕੇ ਆਪਣੀ ਪਤਨੀ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਜਦ ਇਸ ਗੱਲ ਦਾ ਪਤਾ ਗੁਰਜੀਤ ਕੌਰ ਦੀ ਨੂੰਹ ਰਮਨਦੀਪ ਕੌਰ ਨੂੰ ਲੱਗਾ ਤਾਂ ਉਸ ਨੇ ਛੁਡਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਵੀ ਜ਼ਖਮੀ ਕਰ ਦਿੱਤੀ। ਇਸ ਘਟਨਾ ਤੋਂ ਬਾਅਦ ਐਨ ਆਰ ਆਈ ਗੁਰਮੇਲ ਸਿੰਘ ਨੇ ਆਪ ਵੀ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ, ਜਿਸ ਦੌਰਾਨ ਉਸ ਦੀ ਵੀ ਮੌਤ ਹੋ ਗਈ। ਡੀ ਐਸ ਪੀ ਸੁਬੇਗ ਸਿੰਘ, ਥਾਣਾ ਬੱਧਨੀ ਕਲਾਂ ਦੇ ਐਸ ਐਚ ਓ ਪਲਵਿੰ-ਦਰ ਸਿੰਘ ਅਤੇ ਪੁਲਸ ਚੌਕੀ ਲੋਪੋ ਦੇ ਇੰਚਾਰਜ ਪ੍ਰੀਤਮ ਸਿੰਘ ਮੌਕੇ 'ਤੇ ਪੁੱਜੇ। ਹਸਪਤਾਲ ਦਾਖਲ ਰਮਨਦੀਪ ਕੌਰ ਨੇ ਦੱਸਿਆ ਕਿ ਉਸ ਦੀ ਸੱਸ ਗੁਰਜੀਤ ਕੌਰ ਦੇ ਦੋ ਪੁੱਤਰ ਹਨ ਅਤੇ ਉਸ ਦਾ ਵਿਆਹ 17 ਜਨਵਰੀ 2018 ਨੂੰ ਉਸ ਦੇ ਪੁੱਤਰ ਗੁਰਵੀਰ ਸਿੰਘ ਨਾਲ ਹੋਇਆ ਸੀ, ਜਿਹੜਾ ਜਲਦੀ ਹੀ ਪੜ੍ਹਾਈ ਦੇ ਆਧਾਰ ਉਤੇ ਆਸਟਰੇਲੀਆ ਚਲਾ ਗਿਆ ਤੇ ਉਸ ਦਾ ਦਿਉਰ ਕੁਆਰਾ ਹੋਣ ਕਰਕੇ ਆਪਣੀ ਮਾਂ ਦਾ ਦੂਜਾ ਵਿਆਹ ਹੋਣ ਪਿੱਛੋਂ ਉਹ ਵੀ ਆਸਟਰੇਲੀਆ ਚਲਾ ਗਿਆ ਅਤੇ ਉਹ ਇਕੱਲੀ ਆਪਣੀ ਸੱਸ ਨਾਲ ਦੌਧਰ ਵਿਖੇ ਘਰ ਵਿੱਚ ਰਹਿੰਦੀ ਸੀ। ਕੱਲ੍ਹ ਛੇ ਦਿਨਾਂ ਬਾਅਦ ਜਦ ਉਸ ਦਾ ਸਹੁਰਾ ਗੁਰਮੇਲ ਸਿੰਘ ਆਪਣੇ ਨਾਲ ਇਕ ਹੋਰ ਆਦਮੀ ਘਰ ਲੈ ਕੇ ਆਇਆ ਤਾਂ ਉਨ੍ਹਾਂ ਸ਼ਰਾਬ ਪੀਤੀ ਹੋਈ ਸੀ ਤੇ ਆਉਂਦੇ ਸਾਰ ਉਸ ਦੀ ਸੱਸ ਗੁਰਜੀਤ ਕੌਰ ਨਾਲ ਝਗੜਾ ਕਰਨ ਪਿੱਛੋਂ ਕਾਪੇ ਨਾਲ ਵਾਰ ਕਰਨੇ ਸ਼ੁਰੂ ਕਰ ਦਿੱਤੇ, ਜਿਸ ਦੌਰਾਨ ਉਸ ਦੀ ਸੱਸ ਦੀ ਮੌਤ ਹੋ ਗਈ।

JEYA

LOOKING FOR LONG/SHORT HAULS

Hiring Team Drivers & Single drivers

DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.

Sakshi: 647-534-5770 | Riki: 647-963-7131

Office: 905-564-8851

Email: ramesh@jeyatransport.com/sakshi@jeyatransport.com

PLATINUM MORTGAGES

FOR ALL MORTGAGE NEEDS

QUICK MORTGAGE ARRANGEMENT

2ND MORTGAGE

1ST MORTGAGE Starting from 2.59 % OAC

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

SPECIAL RATES FOR REFINANCING

Professional & Quality Service Guaranteed





Kanwaljit S. Dhunna
Mortgage broker

416.301.1976

Email: kdhunna62@gmail.com

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4





# ਰਾਫੇਲ ਜਹਾਜ਼ਾਂ ਦੇ ਸੌਦੇ ਦਾ ਮਾਮਲਾ ਫਰਾਂਸ ਵਿੱਚ ਵੀ ਭਖਿਆ



ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਰਾਫੇਲ ਜਹਾਜ਼ਾਂ ਦੇ ਖਰੀਦ ਸੌਦੇ ਦਾ ਮੁੱਦਾ ਭਾਰਤ ਦੇ ਨਾਲ ਫਰਾਂਸ ਵਿੱਚ ਵੀ ਭਖ ਗਿਆ ਹੈ। ਇਸ ਸੌਦੇ 'ਚ ਧਾਂਦਲੀ ਦਾ ਸ਼ੱਕ ਪ੍ਰਗਟ ਕਰਦਿਆਂ ਫਰਾਂਸ ਵਿੱਚ ਆਰਥਿਕ ਅਪਰਾਧਾਂ ਵਿਰੁੱਧ ਲੜਾਈ ਲੜਨ ਵਾਲੇ ਦੇਸ਼ ਦੇ ਇੱਕ ਐੱਨ ਜੀ ਓ (ਗੈਰ ਸਰਕਾਰੀ ਸੰਸਥਾ) ਸ਼ੇਰਪਾ ਨੇ ਉਥੋਂ ਦੇ ਕਾਨੂੰਨ ਦਫਤਰ ਨੂੰ ਸ਼ਿਕਾਇਤ ਦਰਜ ਕਰਵਾਈ ਹੈ। ਐੱਨ ਜੀ ਓ ਨੇ ਤੱਥਾਂ ਦੀ ਗੰਭੀਰਤਾ ਨਾਲ ਜਾਂਚ ਕਰ ਕੇ ਇਹ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ ਹੈ ਕਿ ਆਖਰ ਕਿਨ੍ਹਾਂ ਨਿਯਮਾਂ ਹੇਠ ਭਾਰਤ ਅਤੇ ਫਰਾਂਸ ਦੇ 36 ਰਾਫੇਲ ਲੜਾਕੂ ਹਵਾਈ ਜਹਾਜ਼ਾਂ ਦਾ ਸੌਦਾ ਹੋਇਆ। ਇਸ ਦੇ ਨਾਲ ਰਾਫੇਲ ਜੈੱਟ ਜਹਾਜ਼ ਬਣਾਉਣ ਵਾਲੀ ਕੰਪਨੀ ਦਸਾ ਏਵੀਏਸ਼ਨਜ਼ ਨੇ ਕਿਸ ਆਧਾਰ 'ਤੇ ਅਨਿਲ ਅੰਬਾਨੀ ਦੀ ਕੰਪਨੀ ਰਿਲ-ਾਇੰਸ ਡਿਫੈਂਸ ਨੂੰ ਆਫ ਸੈੱਟ ਭਾਈਵਾਲ ਵਜੋਂ ਚੁਣਿਆ ਹੈ।

ਸੰਬੰਧਤ ਐੱਨ ਜੀ ਓ ਨੇ ਕੱਲ੍ਹ ਕਿਹਾ ਕਿ ਉਸ ਦੀ ਇਹ ਸ਼ਿਕਾਇਤ ਇੱਕ ਸਾਬਕਾ ਮੰਤਰੀ ਤੇ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਲੜਨ ਵਾਲੇ ਇੱਕ ਵਕੀਲ ਵਲੋਂ ਭਾਰਤ ਵਿੱਚ ਸੀ ਬੀ ਆਈ ਕੋਲ ਦਾਇਰ ਹੋਈ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ। ਭਾਰਤ ਦੇ ਸਾਬਕਾ ਵਿਦੇਸ਼ ਮੰਤਰੀ ਅਤੇ ਵਕੀਲ ਵੱਲੋਂ ਦਾਇਰ ਕੀਤੀ ਗਈ ਸ਼ਿਕਾਇਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਅਹੁਦੇ ਦੀ ਦੁਰਵਰਤੋਂ ਕਰ ਕੇ ਗਲਤ ਢੰਗ ਨਾਲ ਰਾਫੇਲ ਜਹਾਜ਼ਾਂ ਦਾ ਸੌਦਾ ਕਰਨ ਦਾ ਦੋਸ਼ ਹੈ। ਐੱਨ ਜੀ ਓ ਨੇ ਆਪਣੀ ਪ੍ਰੈੱਸ ਰਿਲੀਜ਼ ਵਿੱਚ ਕਿਹਾ ਹੈ ਕਿ ਇਹ ਆਸ ਹੈ ਕਿ ਫਰਾਂਸ ਦਾ ਕਾਨੂੰਨ ਦਫਤਰ ਤੱਥਾਂ ਦੀ ਗੰਭੀਰਤਾ ਨਾਲ ਜਾਂਚ ਕਰ ਕੇ ਭ੍ਰਿਸ਼ਟਾਚਾਰ ਅਤੇ ਬੇਲੋੜੇ ਲਾਭ ਦਾ ਪਤਾ ਲਾਏਗਾ। ਇਸ ਬਾਰੇ ਭਾਰਤ ਦੀ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਰਾਹੁਲ ਗਾਂਧੀ ਨੇ ਰਾਫੇਲ ਡੀਲ ਬਾਰੇ ਲੋਕਾਂ ਨੂੰ ਗੁੰਮਰਾਹ ਕੀਤਾ ਹੈ। ਮੱਧ ਪ੍ਰਦੇਸ਼ ਵਿੱਚ ਚੋਣ ਪ੍ਰਚਾਰ ਲਈ ਆਈ ਨਿਰਮਲਾ ਸੀਤਾਰਮਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇ ਰਾਹੁਲ ਸਾਬਕਾ ਰੱਖਿਆ ਮੰਤਰੀ ਏ ਕੇ ਐਂਟੋਨੀ ਨਾਲ ਮਿਲ ਕੇ ਬੈਠਕ ਕਰ ਲੈਣ ਤਾਂ ਉਨ੍ਹਾਂ ਦੀਆਂ ਸਭ ਗਲਤਫਹਿਮੀਆਂ ਦੂਰ ਹੋ ਜਾਣਗੀਆਂ।

# ਕਰਤਾਰਪੁਰ ਲਾਂਘੇ ਬਾਰੇ ਮਨਮੋਹਨ ਸਿੰਘ ਨੇ ਚੌਕਸ ਰਹਿਣ ਲਈ ਸਲਾਹ ਦਿੱਤੀ



ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਵਿਕਸਤ ਕਰਨ ਅਤੇ ਉਸ ਦੀ ਉਸਾਰੀ ਦੇ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸਰਕਾਰ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਅਤੇ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਸ਼ਾਂਤੀ ਦੀ ਰਾਹ 'ਚ ਕਈ ਅੜਿੱਕੇ ਹਨ।

ਅੱਜ ਏਥੇ ਪ੍ਰਣਬ ਮੁਖਰਜੀ ਫਾਊਂਡੇਸ਼ਨ ਅਤੇ ਚੰਡੀਗੜ੍ਹ ਬੇਸਡ ਕਰਿੱਡ ਵੱਲੋਂ ਸ਼ਾਂਤੀ, ਸਦਭਾਵਨਾ ਤੇ ਖੁਸ਼ਹਾਲੀ ਦੇ ਮੁੱਦੇ ਉੱਤੇ ਕਰਵਾਈ ਗਈ ਕਾਨਫਰੰਸ ਦੀ ਸਮਾਪਤੀ ਮੌਕੇ ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਸ਼ੁਰੂਆਤ ਵਧੀਆ ਹੁੰਦੀ ਹੈ ਅਤੇ ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ, ਪਰ ਅੜਿੱਕਿਆਂ ਤੋਂ ਭਲੀ-ਭਾਂਤ ਸੁਚੇਤ ਰਹਿਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਨਮੋਹਨ ਸਿੰਘ ਨੇ ਕਿਹਾ ਕਿ ਸਿਆਸੀ ਧਿਰਾਂ ਆਪਣੇ ਸੌੜੇ ਹਿੱਤਾਂ ਖਾਤਰ ਧਰਮ, ਜਾਤ ਅਤੇ ਹੋਰ ਮੁੱਦੇ ਉਭਾਰਦੀਆਂ ਹਨ, ਤਾਂ ਜੋ ਸੱਤਾ ਉੱਤੇ ਕਬਜ਼ਾ ਕੀਤਾ ਜਾ ਸਕੇ। ਇਸ ਦੇ ਨਾਲ ਨਫ਼ਰਤ ਅਤੇ ਵੰਡੀਆਂ ਪੈਣ ਵਾਲਾ ਮਾਹੌਲ ਬਣ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਮਾਹੌਲ ਕਈ ਚੁਣੌਤੀਆਂ ਖੜੇ ਕਰ ਦਿੰਦਾ ਹੈ। ਡਾਕਟਰ ਮਨਮੋਹਨ ਸਿੰਘ ਨੇ ਕਿਹਾ ਕਿ ਅਜਿਹੇ ਅਨਸਰਾਂ ਦੇ ਟਾਕਰੇ ਲਈ ਸਮਾਜ ਨੂੰ ਇਕਜੁੱਟ ਹੋਣਾ ਪਏਗਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਅਦਾਰਿਆਂ ਦਾ ਸਹੀ ਢੰਗ ਨਾਲ ਕੰਮ ਕਰਨਾ ਜ਼ਰੂਰੀ ਹੈ ਤਾਂ ਜੋ ਸ਼ਾਂਤੀ ਅਤੇ ਸਦਭਾਵਨਾ ਬਣੀ ਰਹੇ। ਜੇ ਸਰਕਾਰ ਤੇ ਅਦਾਰਿਆਂ ਦਾ ਤਾਲਮੇਲ ਵਿਗੜੇ ਤਾਂ ਸਮਾਜ, ਅਰਥਚਾਰੇ ਅਤੇ ਸਿਆਸਤ 'ਚ ਅਰਾਜਕਤਾ ਫੈਲ ਜਾਵੇਗੀ।

ਸਮਾਗਮ ਵਿੱਚ ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਨੇ ਆਪਣੇ ਨੇ ਕਿਹਾ ਕਿ ਦੇਸ਼ ਨੇ ਦਿੱਖ ਪੱਖੋਂ ਏਕਤਾ ਹਾਸਲ ਕਰ ਲਈ ਹੈ, ਪਰ ਜਜ਼ਬਾਤੀ ਕੰਮ ਕਰਨਾ ਬਾਕੀ ਹੈ।

## ਗੋਆ ਸਰਕਾਰ ਨੇ ਕਿਸਾਨਾਂ ਨੂੰ ਕਿਹਾ: ਪੈਦਾਵਾਰ ਵਧਾਉਣ ਲਈ ਮੰਤਰਾਂ ਦਾ ਕਰੋ ਜਾਪ

ਪਣਜੀ, 25 ਨਵੰਬਰ (ਪੋਸਟ ਬਿਊਰੋ)- ਗੋਆ ਦੀ ਭਾਜਪਾ ਸਰਕਾਰ ਫਸਲ ਦੀ ਪੈਦਾਵਾਰ ਵਧਾਉਣ ਦੇ ਲਈ ਨਵੀਂ ਤਕਨੀਕ ਅਪਣਾਉਣ ਜਾ ਰਹੀ ਹੈ। ਉਸ ਸਰਕਾਰ ਨੇ ਕਿਸਾਨਾਂ ਨੂੰ ਪ੍ਰਾਚੀਨ ਵੈਦਿਕ 'ਮੰਤਰਾਂ' ਦੇ ਜਾਪ ਕਰਨ ਲਈ ਕਿਹਾ ਹੈ। ਖੇਤੀ ਵਿਭਾਗ ਦੇ ਇਕ ਅਧਿਕਾਰੀ ਨੇ ਕਿਹਾ ਕਿ ਰਾਜ ਸਰਕਾਰ ਨੇ ਕਿਸਾਨਾਂ ਨੂੰ 'ਦੇਵਤਾਈ ਖੇਤੀ' ਅਪਣਾਉਣ ਦੀ ਸਲਾਹ ਦਿੱਤੀ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੀ ਫਸਲ ਦੀ ਚੰਗੀ ਪੈਦਾਵਾਰ ਲਈ ਖੇਤ ਵਿਚ 20 ਦਿਨ 'ਵੈਦਿਕ ਮੰਤਰਾਂ' ਦਾ ਜਾਪ ਕਰਨਾ ਹੋਵੇਗਾ ਅਤੇ ਇਸ ਨਾਲ ਝਾੜ ਵਧੀਆ ਰਹੇਗਾ।

ਅਧਿਕਾਰੀ ਨੇ ਕਿਹਾ ਕਿ ਸਰਕਾਰ ਇਸ ਖੇਤਰ ਦੇ ਮਾਹਰ ਸ਼ਿਵ ਯੋਗ ਫਾਊਂਡੇਸ਼ਨ ਤੇ ਬ੍ਰਹਮਾਕੁਮਾਰੀ ਵਰਗੀਆਂ ਸੰਸਥਾਵਾਂ ਨਾਲ ਗੱਲਬਾਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਖੇਤੀ ਮੰਤਰੀ ਵਿਜੈ ਸਰਦੇਸਾਈ ਅਤੇ ਖੇਤੀ ਦੇ ਡਾਇਰੈਕਟਰ ਨੇਲਸਨ ਫਿਗੁਏਰੋਡੋ ਨੇ ਹਾਲ ਵਿੱਚ ਹਰਿਆਣਾ ਦੇ ਗੁੜਗਾਉਂ ਵਿੱਚ 'ਸ਼ਿਵ ਯੋਗ ਖੇਤੀ' ਦੇ ਪ੍ਰਚਾਰਕ ਗੁਰੂ ਸ਼ਿਵਾਨੰਦ ਨਾਲ ਮੁਲਾਕਾਤ ਕਰਕੇ ਉਨ੍ਹਾਂ ਨਾਲ ਇਸ ਬਾਰੇ ਗੱਲ ਕੀਤੀ ਸੀ ਕਿ 'ਦੇਵਿਕ ਖੇਤੀ' ਗੋਆ ਵਿੱਚ ਕਿਵੇਂ ਕਿਸਾਨਾਂ ਲਈ ਲਾਭਦਾਇਕ ਹੋ ਸਕਦੀ ਹੈ। ਖੇਤੀ ਡਾਇਰੈਕਟਰ ਨੇ ਕਿਹਾ, 'ਖੇਤੀ ਵਿਭਾਗ ਜੈਵਿਕ ਅਤੇ ਵਾਤਾਵਰਨ ਅਨੁਕੂਲ ਖੇਤੀ ਦੇ ਰਸਤੇ 'ਤੇ ਚੱਲਣਾ ਚਾਹੁੰਦਾ ਹੈ। ਉਹ ਲੌਕਿਕ ਖੇਤੀ ਦੇ ਪ੍ਰਚਾਰਕਾਂ ਅਤੇ ਇਸ ਤਰ੍ਹਾਂ ਦੇ ਕ੍ਰਿਆ ਕਲਾਪਾਂ ਵਿੱਚ ਭਰੋਸਾ ਕਰਨ ਵਾਲੇ ਹੋਰ ਲੋਕਾਂ ਨਾਲ ਗੱਲ ਕਰ ਰਿਹਾ ਹੈ ਜੋ ਜੈਵਿਕ ਤਰੀਕੇ ਨਾਲ ਖੇਤੀ ਦੀ ਉਪਜ ਵਧਾ ਸਕਦੇ ਹਨ।' ਉਨ੍ਹਾਂ ਨੇ ਕਿਹਾ, 'ਇਸ ਵਿੱਚ ਕਿਸਾਨ ਨੂੰ ਖੇਤ ਵਿੱਚ 20 ਦਿਨ ਤੱਕ ਰੋਜ਼ ਘੱਟੋਂ ਘੱਟ 20 ਮਿੰਟ ਮੰਤਰਾਂ ਦਾ ਜਾਪ ਕਰਨਾ ਹੋਵੇਗਾ।

# ਭਾਰਤ ਦਾ ਬੁਕ ਬਾਜ਼ਾਰ ਬਾਲੀਵੁੱਡ ਤੋਂ ਅੱਗੇ ਨਿਕਲ ਰਿਹੈ



ਨਵੀਂ ਦਿੱਲੀ, 25 ਨਵੰਬਰ (ਪੋਸਟ ਬਿਊਰੋ)- ਕਿਤਾਬਾਂ ਵੇਚਣ ਤੋਂ ਸ਼ੁਰੂ ਕਰ ਕੇ ਆਨਲਾਈਨ ਬਾਜ਼ਾਰ 'ਤੇ ਆਪਣਾ ਸਿੱਕਾ ਜਮਾਉਣ ਵਾਲੀ ਅਮੇਜ਼ਨ ਇਸ ਵੇਲੇ ਭਾਰਤ ਵਿੱਚ ਆਡੀਓ ਬੁਕਸ ਦਾ ਕਾਰੋਬਾਰ ਸ਼ੁਰੂ ਕਰਨ ਲੱਗੀ ਹੈ। ਖਾਸ ਗੱਲ ਇਹ ਹੈ ਕਿ ਆਮ ਧਾਰਨਾ ਦੇ ਉਲਟ ਭਾਰਤ ਵਿੱਚ ਕਿਤਾਬਾਂ ਦੀ ਇੰਡਸਟਰੀ ਤੇਜ਼ੀ ਨਾਲ ਵਧ ਰਹੀ ਹੈ ਅਤੇ 2017 ਵਿੱਚ ਇਹ ਕਰੀਬ 6.7 ਅਰਬ ਡਾਲਰ ਯਾਨੀ ਲਗਭਗ 470 ਅਰਬ ਰੁਪਏ ਤੱਕ ਪਹੁੰਚ ਗਈ ਤੇ ਬੁੱਕ ਬਾਜ਼ਾਰ ਨੇ ਬਾਲੀਵੁੱਡ ਵਾਲੇ ਕਾਰੋਬਾਰ ਨੂੰ ਤਿੰਨ ਗੁਣੇ ਫਰਕ ਨਾਲ ਪਛਾੜ ਦਿੱਤਾ ਹੈ, ਜਿੱਥੇ ਅਜੇ 138 ਅਰਬ ਦਾ ਬਿਜ਼ਨਸ ਹੋ ਰਿਹਾ ਹੈ।

65 ਫੀਸਦੀ ਨੌਜਵਾਨ ਆਬਾਦੀ ਤੇ ਦੁਨੀਆ ਦੇ ਚੌਥੇ ਸਭ ਤੋਂ ਵੱਡੇ ਐਜੂਕੇਸ਼ਨ ਸਿਸਟਮ ਦੇ ਆਸਰੇ ਨਾਲ ਭਾਰਤ ਦੇ ਬੁੱਕ ਬਾਜ਼ਾਰ ਵਿੱਚ 20 ਫੀਸਦੀ ਦੀ ਦਰ ਨਾਲ ਹਰ ਸਾਲ ਵਾਧਾ ਹੁੰਦਾ ਹੈ, ਜਿਹੜਾ ਸਾਲ 2020 ਵਿੱਚ ਇੱਕ ਹਜ਼ਾਰ ਅਰਬ ਦੇ ਅੰਕੜੇ ਨੂੰ ਛੂਹ ਲਵੇਗਾ। ਭਾਰਤ ਦੁਨੀਆ ਦੀ ਪ੍ਰਮੁੱਖ ਨਾਲੇਜ ਇਕੋਨਾਮੀ ਬਣ ਕੇ ਉਭਰੇਗਾ। ਐਸੋਸੀਏਸ਼ਨ ਆਫ ਇੰਡੀਅਨ ਪਬਲਿਸ਼ਰਜ਼ ਦੇ ਨਾਲ ਨੈਲਸਨ ਵੱਲੋਂ ਤਿਆਰ ਕੀਤੀ ਰਿਪੋਰਟ ਦੇ ਅਨੁਸਾਰ ਭਾਰਤ ਦੁਨੀਆ ਦੇ ਇੰਗਲਿਸ਼ ਦੇ ਪ੍ਰਿੰਟ ਬੁਕਸ ਦਾ ਦੂਸਰਾ ਸਭ ਤੋਂ ਵੱਡਾ ਬਾਜ਼ਾਰ ਬਣ ਚੁੱਕਾ ਹੈ। ਦੇਸ਼ ਦੇ 9000 ਤੋਂ ਵੱਧ ਪ੍ਰਕਾਸ਼ਕ ਹਰ ਸਾਲ ਨੱਬੇ ਹਜ਼ਾਰ ਤੋਂ ਵੱਧ ਬੁਕਸ ਨੀਲੇਜ ਬਾਜ਼ਾਰ ਵਿੱਚ ਲਿਆ ਰਹੇ ਹਨ। ਪਿਛਲੇ ਪੰਜ ਸਾਲਾਂ ਵਿੱਚ ਇਸ ਇੰਡਸਟਰੀ ਨੇ ਸਾਲੋ-ਸਾਲ 20 ਫੀਸਦੀ ਵਾਧਾ ਕੀਤਾ ਹੈ। ਇਹ ਪਬਲਿਸ਼ਰ ਚਾਲੀ ਹਜ਼ਾਰ ਤੋਂ ਵੱਧ ਲੋਕਾਂ ਨੂੰ ਸਿੱਧਾ ਰੋਜ਼ਗਾਰ ਦਿੰਦੇ ਹਨ। ਇਸ ਬਾਰੇ ਪ੍ਰਭਾਤ ਪ੍ਰਕਾਸ਼ਨ ਦੇ ਪਿਊਸ਼ ਅਗਰਵਾਲ ਨੇ ਕਿਹਾ ਕਿ ਪਬਲਿਸ਼ਿੰਗ ਇੰਡਸਟਰੀ ਨੂੰ ਵੱਡਾ ਸਮਰਥਨ ਆਨਲਾਈਨ ਬੁੱਕ ਸੇਲ ਤੋਂ ਮਿਲਿਆ ਹੈ। ਇੰਟਰਨੈਟ ਦੇ ਜ਼ਮਾਨੇ ਨੂੰ ਦੇਖਦੇ ਹੋਏ ਕਿਤਾਬਾਂ ਦਾ ਬਾਜ਼ਾਰ ਘਟਣ ਦੇ ਅਨੁਮਾਨ ਗਲਤ ਸਾਬਤ ਹੋ ਚੁੱਕੇ ਹਨ। ਕਿਤਾਬਾਂ ਦੀ ਆਨਲਾਈਨ ਵਿਕਰੀ ਵਿੱਚ ਫਲਿਪਕਾਰਟ ਨੇ ਦਸੰਬਰ 2015 ਵਿੱਚ ਈ-ਬੁੱਕ ਡਾਊਨਲੋਡ ਦੀ ਪੇਸ਼ਕਸ਼ ਇਹ ਕਹਿ ਕੇ ਵਾਪਸ ਲੈ ਲਈ ਕਿ ਭਾਰਤੀ ਬਾਜ਼ਾਰ ਵਿੱਚ ਫਿਜੀਕਲ ਬੁਕਸ ਦਾ ਬੋਲਬਾਲਾ ਹੈ। ਇਸ ਦੇ ਇਲਾਵਾ ਪੂਰੀ ਦੁਨੀਆ ਵਿੱਚ ਈ-ਬੁਕਸ ਦੀ ਵਿਕਰੀ ਵਿੱਚ ਗਿਰਾਵਟ ਆ ਰਹੀ ਹੈ। ਇਸ ਦਾ ਦੂਸਰਾ ਪਹਿਲੂ ਇਹ ਹੈ ਕਿ ਆਨਲਾਈਨ ਵਿਕਰੀ ਨੇ ਜ਼ਮੀਨੀ ਪੱਧਰ 'ਤੇ ਬੁੱਕ ਰਿਟੇਲਿੰਗ ਦਾ ਲੱਕ ਤੋੜਿਆ ਹੈ। ਅੰਡਰਸਟੈਂਡਿੰਗ ਇੰਡੀਆ ਬੁੱਕ ਮਾਰਕੀਟ ਦੇ ਸਿਰਲੇਖ ਨਾਲ ਛਪੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ 22 ਭਾਸ਼ਾਵਾਂ ਦੀਆਂ ਕਿਤਾਬਾਂ ਦੇ 21000 ਤੋਂ ਵੱਧ ਰਿਟੇਲਰ ਹਨ। ਰੀਜ਼ਨਲ ਬੋਲੀਆਂ ਦੇ 16000 ਰਿਟੇਲਰ ਵੱਖ ਹਨ, ਪਰ ਹੈਚੇਟ ਇੰਡੀਆ ਦੇ ਥਾਮਸ ਅਬਰਾਹਮ ਦੇ ਅਨੁਮਾਨ ਮੁਤਾਬਕ ਪਿਛਲੇ ਅੱਧੇ ਦਹਾਕੇ ਵਿੱਚ 176 ਤੋਂ ਵੱਧ ਬੁੱਕ ਸਟੋਰ ਬੰਦ ਹੋਏ ਅਤੇ ਅੱਠ ਹਜ਼ਾਰ ਵਰਗ ਫੁੱਟ ਤੋਂ ਵੱਧ ਦਾ ਫਿਜੀਕਲ ਬੁੱਕ ਸਪੇਸ ਸੁੰਗੜ ਗਿਆ ਹੈ। ਇਨਸਾਈਡ ਇੰਡੀਅਨਸ ਬੁੱਕ ਬਿਜ਼ਨਸ ਦੀ ਲੇਖਕ ਨਿਤਾਸ਼ਾ ਦੇਵਸਰ ਦੇ ਅਨੁਸਾਰ ਬੁੱਕ ਮਾਰਕੀਟ ਸਿਰਫ ਬਾਲੀਵੁੱਡ ਤੋਂ ਤਿੰਨ ਗੁਣਾ ਹੀ ਨਹੀਂ, ਸੰਗੀਤ ਦੇ ਮਾਰਕੀਟ ਤੋਂ ਵੀ ਛੇ ਗੁਣਾ ਹੈ ਅਤੇ ਰੇਡੀਓ ਅਤੇ ਗੇਮਿੰਗ ਵਰਗੇ ਸਾਫਟ ਮਾਰਕੀਟ ਨੂੰ ਪਿੱਛੇ ਛੱਡ ਚੁੱਕਾ ਹੈ। ਦੇਵਸਰ ਦੇ ਅਨੁਸਾਰ ਆਫਲਾਈਨ ਕਿਤਾਬ ਮਾਰਕੀਟ ਦੇ ਲਈ ਆਨਲਾਈਨ ਸੇਲ ਅਜੇ ਵੀ ਸਪਲੀਮੈਂਟਰੀ ਹੈ।

# ਕਾਂਗਰਸ ਦੇ ਕਰਜ਼ਾ ਮੁਆਫੀ ਵਾਅਦੇ ਨੇ ਮੱਧ ਪ੍ਰਦੇਸ਼ ਸਰਕਾਰ ਬੁਰੀ ਫਸਾਈ

*** ਕਿਸਾਨਾਂ ਨੇ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਰੋਕਿਆ**

ਜੱਬਲਪੁਰ, 25 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਵੱਲੋਂ ਕਿਸਾਨੀ ਕਰਜ਼ੇ ਮੁਆਫ ਕਰਨ ਦੇ ਐਲਾਨ ਪਿੱਛੋਂ ਕਿਸਾਨਾਂ ਨੇ ਬੈਂਕਾਂ ਨੂੰ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਰੋਕ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਚੋਣਾਂ ਪਿੱਛੋਂ ਬਣਨ ਵਾਲੀ ਨਵੀਂ ਸਰਕਾਰ ਨੇ ਉਨ੍ਹਾਂ ਦੇ ਕਰਜ਼ੇ ਮੁਆਫ ਕਰ ਦੇਣੇ ਹਨ। ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਮੱਧ ਪ੍ਰਦੇਸ਼ ਵਿੱਚ ਐਲਾਨ ਕੀਤਾ ਸੀ ਕਿ ਜੇ ਇਸ ਰਾਜ ਵਿੱਚ ਕਾਂਗਰਸ ਸਰਕਾਰ ਬਣੀ ਤਾਂ ਸਭ ਤੋਂ ਪਹਿਲਾਂ ਕਿਸਾਨਾਂ ਦੇ ਦੋ ਦੋ ਲੱਖ ਰੁਪਏ ਦੇ ਕਰਜ਼ੇ ਮੁਆਫ ਕੀਤੇ ਜਾਣਗੇ।

ਬੈਂਕ ਅਧਿਕਾਰੀਆਂ ਦੇ ਮੁਤਾਬਕ ਪਿਛਲੇ ਛੇ ਮਹੀਨਿਆਂ ਤੋਂ ਕਿਸਾਨਾਂ ਵੱਲੋਂ ਮੱਠੀ ਰਫਤਾਰ ਨਾਲ ਕਰਜ਼ਿਆਂ ਦੀਆਂ ਕਿਸ਼ਤਾਂ ਦਾ ਭੁਗਤਾਨ ਕੀਤਾ ਗਿਆ ਹੈ। ਪਿਛਲੇ ਇੱਕ ਮਹੀਨੇ ਤੋਂ ਇਹ ਰਫਤਾਰ ਹੋਰ ਮੱਠੀ ਹੋਈ ਹੈ। ਬੈਂਕ ਅਧਿਕਾਰੀ ਵੀ ਚੋਣਾਂ ਨਤੀਜਿਆਂ ਉੱਤੇ ਨਜ਼ਰ ਰੱਖ ਰਹੇ ਹਨ। ਇਸ ਲਈ ਉਹ ਕਿਸਾਨਾਂ 'ਤੇ ਸਖਤੀ ਨਹੀਂ ਕਰਦੇ। ਕਿਸਾਨ ਆਗੂਆਂ ਦਾ ਮੰਨਣਾ ਹੈ ਕਿ ਰਾਹੁਲ ਗਾਂਧੀ ਦੇ ਐਲਾਨ ਪਿੱਛੋਂ ਉਨ੍ਹਾਂ ਦੇ ਕਰਜ਼ੇ ਮੁਆਫ ਹੋ ਜਾਣਗੇ। ਭਾਰਤੀ ਕਿਸਾਨ ਸੰਘ ਭੋਪਾਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਕਿਸਾਨ ਸਿੰਘ ਨੇ ਇਸ ਗੱਲ ਉਤੇ ਸਹਿਮਤੀ ਪ੍ਰਗਟਾਈ ਕਿ ਕਈ ਕਿਸਾਨਾਂ ਨੇ ਆਪਣੀਆਂ ਕਿਸ਼ਤਾਂ ਅਦਾ ਨਹੀਂ ਕੀਤੀਆਂ ਹਨ। ਉਹ ਅਜਿਹੇ ਕਿਸਾਨਾਂ ਵੱਲੋਂ ਚੁੱਕੇ ਕਦਮਾਂ ਨੂੰ ਠੀਕ ਮੰਨਦੇ ਹਨ।

# ਮੋਦੀ ਜੀ ਰੁਪਈਆ ਤੁਹਾਡੀ ਮਾਤਾ ਦੀ ਉਮਰ ਦੇ ਨੇੜੇ ਪੁੱਜ ਗਿਐ



ਇੰਦੌਰ, 25 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਸਟਾਰ ਪ੍ਰਚਾਰਕ ਤੇ ਉਤਰ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜ ਬੱਬਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬਜ਼ੁਰਗ ਮਾਤਾ ਹੀਰਾ ਬੇਨ ਮੋਦੀ ਉਤੇ ਕੀਤੀ ਗਈ ਇਕ ਟਿੱਪਣੀ ਨਾਲ ਇਕ ਨਵਾਂ ਵਿਵਾਦ ਖੜਾ ਹੋ ਗਿਆ ਹੈ।

ਰਾਜ ਬੱਬਰ ਕੱਲ੍ਹ ਰਾਤ ਵਿਧਾਨ ਸਭਾ ਖੇਤਰ ਇੰਦੌਰ-1 ਤੋਂ ਕਾਂਗਰਸ ਉਮੀਦਵਾਰ ਸੰਜੇ ਸ਼ੁਕਲਾ ਦੀ ਹਮਾਇਤ ਵਿੱਚ ਇਕ ਆਮ ਸਭਾ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਮੋਦੀ ਨੂੰ ਯਾਦ ਦਿਵਾ ਦੇਣਾ ਚਾਹੁੰਦੇ ਹਨ ਕਿ ਪਹਿਲਾਂ ਜਦੋਂ ਰੁਪਈਆ ਡਾਲਰ ਦੇ ਮੁਕਾਬਲੇ ਡਿੱਗਦਾ ਸੀ, ਉਦੋਂ ਉਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਉਮਰ ਨਾਲ ਤੁਲਨਾ ਕਰਦੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਟਿੱਪਣੀ ਕਰਦੇ ਹੋਏ ਮੋਦੀ ਦੇ ਸੰਦਰਭ 'ਚ ਕਿਹਾ ਮੈਂ ਤੁਹਾਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਤੁਹਾਡੇ ਕਾਰਜਕਾਲ 'ਚ ਰੁਪਈਆ ਤੁਹਾਡਾ ਮਾਤਾ ਜੀ ਦੀ ਉਮਰ ਦੇ ਆਸ ਪਾਸ ਪਹੁੰਚ ਗਿਆ ਹੈ। ਉਨ੍ਹਾਂ ਨੇ ਭਾਜਪਾ 'ਤੇ ਧਰੁਵੀਕਰਨ ਦੀ ਸਿਆਸਤ ਕਰਨ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਭਾਜਪਾ ਨੂੰ ਚੋਣਾਂ ਆਉਂਦਿਆਂ ਹੀ ਸ੍ਰੀ ਰਾਮ ਯਾਦ ਆ ਜਾਂਦੇ ਹਨ।

# ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਉੱਤੇ ਸ਼ਿਕਾਇਤ ਦਰਜ



ਗੁੜਗਾਂਵ, 25 ਨਵੰਬਰ (ਪੋਸਟ ਬਿਊਰੋ)- ਇਕ ਆਰ ਟੀ ਆਈ ਦੇ ਖੁਲਾਸੇ ਹੋਣ ਪਿੱਛੋਂ ਗੁੜਗਾਉਂ ਦੇ ਇੱਕ ਆਰ ਟੀ ਆਈ ਵਰਕਰ ਨੇ ਸੈਕਟਰ 29 ਥਾਣੇ ਵਿੱਚ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਹਰਿਆਣਾ ਅਰਬਨ ਵਿਕਾਸ ਅਥਾਰਟੀ (ਹੁੱਡਾ) ਦੇ ਅਧਿਕਾਰੀਆਂ ਉੱਤੇ ਜਾਅਲੀ ਢੰਗ ਨਾਲ ਅੱਪੂ ਘਰ ਚਲਾਉਣ ਵਾਲੀ ਕੰਪਨੀ ਨੂੰ ਸੈਂਕੜੇ ਕਰੋੜ ਦੀ ਜ਼ਮੀਨ ਕੇਵਲ 83.5 ਕਰੋੜ ਵਿੱਚ ਦੇਣ ਦੀ ਸ਼ਿਕਾਇਤ ਦਰਜ ਕਰਵਾਈ ਹੈ।

ਆਰ ਟੀ ਆਈ ਵਰਕਰ ਨੇ ਪੁਲਸ ਨੂੰ ਸ਼ਿਕਾਇਤ ਦੇ ਕੇ ਇਸ ਮਾਮਲੇ ਵਿੱਚ ਕੇਸ ਦਰਜ ਕਰਕੇ ਜਾਂਚ ਦੀ ਮੰਗ ਕੀਤੀ ਹੈ। ਸੈਕਟਰ 29 ਥਾਣਾ ਐਸ ਐਸ ਓ ਨੇ ਕਿਹਾ ਕਿ ਇਸ ਤਰ੍ਹਾਂ ਦੀ ਸ਼ਿਕਾਇਤ ਉਨ੍ਹਾਂ ਦੇ ਨੋਟਿਸ ਵਿੱਚ ਨਹੀਂ ਹੈ। ਆਰ ਟੀ ਆਈ ਵਰਕਰ ਦਾ ਦੋਸ਼ ਹੈ ਕਿ ਸੈਕਟਰ 29 ਵਿੱਚ ਬੱਸ ਸਟੈਂਡ ਅਤੇ ਧਰਮਸ਼ਾਲਾ ਲਈ 25 ਏਕੜ ਕੀਮਤੀ ਜ਼ਮੀਨ ਭੁਪਿੰਦਰ ਸਿੰਘ ਹੁੱਡਾ ਨੇ ਮਾਸਟਰ ਪਲਾਨ ਵਿੱਚ ਛੇੜਛਾੜ ਕਰਕੇ ਅੱਪੂ ਘਰ ਨੂੰ ਦੇ ਦਿੱਤੀ। ਦੋਸ਼ ਹੈ ਕਿ ਆਕਸ਼ਨ ਦੀ ਇਹ ਸ਼ਰਤ ਰੱਖੀ ਸੀ ਕਿ ਇਹ ਜ਼ਮੀਨ ਖਰੀਦਣ ਵਾਲੀ ਕੰਪਨੀ ਜ਼ਮੀਨ ਦਾ ਐਗਰੀਮੈਂਟ ਦੂਸਰੀ ਕੰਪਨੀ ਨੂੰ ਕਿਰ-ਾਏ ਵਾਸਤੇ ਨਹੀਂ ਕਰੇਗੀ। ਇਹ ਸ਼ਰਤ ਹੋਣ ਨਾਲ ਦੂਸਰੀ ਕੰਪਨੀਆਂ ਨੇ ਉਸ ਸਮੇਂ ਬੋਲੀ ਵੱਧ ਨਹੀਂ ਲਾਈ। ਦੋਸ਼ ਇਹ ਹੈ ਕਿ ਅੱਪੂ ਘਰ ਨੇ ਜਿਨ੍ਹਾਂ ਨੂੰ ਪ੍ਰਾਪਰਟੀ ਵਿਕਰੀ ਕੀਤੀ, ਉਨ੍ਹਾਂ ਨੂੰ ਕਬਜ਼ਾ ਨਹੀਂ ਦਿੱਤਾ, ਜਿਸ ਬਾਰੇ ਨਿਵੇਸ਼ਕਾਂ ਨੇ ਇਸ ਬਾਰੇ ਵਿੱਚ ਪਹਿਲਾ ਹੀ ਕੇਸ ਦਰਜ ਕਰਵਾ ਦਿੱਤਾ ਹੈ। ਆਰ ਟੀ ਆਈ ਵਰਕਰ ਹਰਿੰਦਰ ਸਿੰਘ ਢੀਂਗਰਾ ਨੇ ਦੱਸਿਆ ਕਿ ਆਰ ਟੀ ਆਈ ਤੋਂ ਜਾਣਕਾਰੀ ਮਿਲਣ ਪਿੱਛੋਂ ਅਸੀਂ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਖਿਲਾਫ ਲਿਖਤੀ ਸ਼ਿਕਾਇਤ ਸੈਕਟਰ 29 ਥਾਣੇ ਨੂੰ ਦਿੱਤੀ ਤੇ ਮੰਗ ਕੀਤੀ ਕਿ ਇਸ ਦੀ ਜਾਂਚ ਕਰਕੇ ਕਾਰਵਾਈ ਕੀਤੀ ਜਾਵੇ।

◆ Insurance ◆

Punjab Insurance Inc

- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor

416.452.7373
harpinderkaur@punjabinsurance.ca
www.punjabinsurance.ca

DIXIE
Registered Private Career College

TRUCK & FORKLIFT DRIVING SCHOOL
CLASS A, Z & FORKLIFT TRAINING

Contact Us for Great Results, Early Road Tests 's & Flexible Timing

- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

- Counter Balance
- Raymond Reach
- Cheery Picker
- Order Picker
- Walkie

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



BANKRUPTCY, PROPOSAL, R9.........
no problem!
we will fix your credit

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates, Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9

## ਅਮਰੀਕਾ ਵਿੱਚ ਦੋ ਨਾਬਾਲਿਗ ਲੜਕਿਆਂ ਨੇ ਜਹਾਜ਼ ਚੋਰੀ ਕੀਤਾ

ਸਾਲਟਲੇਕ ਸਿਟੀ, 25 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਉਟਾਹ ਸੂਬੇ ਵਿੱਚ ਕੱਲ੍ਹ ਦੋ ਨਾਬਾਲਿਗ ਲੜਕਿਆਂ ਨੇ ਛੋਟੇ ਆਕਾਰ ਅਤੇ ਸਿੰਗਲ ਇੰਜਣ ਵਾਲਾ ਜਹਾਜ਼ ਚੋਰੀ ਕਰ ਲਿਆ ਅਤੇ ਬਹੁਤ ਘੱਟ ਉੱਚਾਈ ਉੱਤੇ ਉਸ ਨੂੰ ਉਡਾਉਣ ਪਿੱਛੋਂ ਦੋਵਾਂ ਨੇ ਸਥਾਨਕ ਏਅਰਪੋਰਟ 'ਤੇ ਲੈਂਡ ਕਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ 14 ਅਤੇ 15 ਸਾਲ ਦੇ ਦੋਵੇਂ ਲੜਕੇ ਹਾਲੇ ਪੁਲਿਸ ਹਿਰਾਸਤ ਵਿੱਚ ਹਨ। ਇਸ ਘਟਨਾ ਨਾਲ ਏਅਰਪੋਰਟਾਂ ਉਤੇ ਖੜ੍ਹੇ ਜਹਾਜ਼ਾਂ ਦੀ ਸੁਰੱਖਿਆ ਬਾਰੇ ਕਈ ਸਵਾਲ ਖੜ੍ਹੇ ਹੋ ਗਏ ਹਨ। ਅਧਿਕਾਰੀਆਂ ਮੁਤਾਬਕ ਦੋਵਾਂ ਨੇ ਉਟਾਹ ਦੇ ਉੱਤਰ-ਪੂਰਬੀ ਸ਼ਹਿਰ ਜੈਂਸਨ ਦੇ ਇੱਕ ਨਿੱਜੀ ਰੰਨਵੇਅ ਤੋਂ ਜਹਾਜ਼ ਚੋਰੀ ਕੀਤਾ ਅਤੇ ਹਾਈਵੇ ਉੱਪਰ ਬਹੁਤ ਘੱਟ ਉੱਚਾਈ 'ਤੇ ਉਡਾਉਂਦੇ ਹੋਏ 50 ਕਿਲੋਮੀਟਰ ਤਕ ਲੈ ਗਏ। ਉਹ ਦੋਵੇਂ ਜਹਾਜ਼ ਨੂੰ ਹੋਰ ਅੱਗੇ ਲਿਜਾਣਾ ਚਾਹੁੰਦੇ ਸੀ, ਪਰ ਉਨ੍ਹਾਂ ਨੇ ਜਹਾਜ਼ ਨੂੰ ਮੋੜ ਲਿਆ ਅਤੇ ਵਰਨਲ ਲੋਕਲ ਏਅਰਪੋਰਟ 'ਤੇ ਲੈਂਡ ਕਰ ਦਿੱਤਾ। ਦੋਵਾਂ ਨੂੰ ਬਾਲ ਕੈਦਖਾਨੇ 'ਚ ਰੱਖਿਆ ਗਿਆ ਹੈ। ਉਨ੍ਹਾਂ 'ਤੇ ਹਾਲੇ ਕੋਈ ਦੋਸ਼ ਤੈਅ ਨਹੀਂ ਕੀਤਾ ਗਿਆ।

# ਕਰਾਚੀ ਵਿਚ ਚੀਨੀ ਕੌਂਸਲੇਟ ਉੱਤੇ ਆਤਮਘਾਤੀ ਹਮਲੇ ਵਿੱਚ ਸੱਤ ਮੌਤਾਂ

ਕਰਾਚੀ, 25 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਭ ਤੋਂ ਵੱਡੇ ਤੇ ਕਾਰੋਬਾਰੀ ਸ਼ਹਿਰ ਕਰਾਚੀ ਵਿਚ ਅੱਜ ਤਿੰਨ ਹਥਿਆਰਬੰਦ ਆਤਮਘਾਤੀ ਹਮਲਾਵਰਾਂ ਨੇ ਚੀਨ ਦੇ ਕੌਂਸਲੇਟ ਉੱਤੇ ਧਾਵਾ ਬੋਲ ਕੇ ਦੋ ਪੁਲੀਸ ਵਾਲਿਆਂ ਸਣੇ ਚਾਰ ਲੋਕਾਂ ਦੀ ਜਾਨ ਲੈ ਲਈ ਤੇ ਬਾਅਦ ਵਿਚ ਸੁਰੱਖਿਆ ਫੋਰਸਾਂ ਨੇ ਹਮਲਾਵਰਾਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਹਮਲੇ ਦੀ ਜ਼ਿੰਮੇਵਾਰੀ ਪਾਬੰਦੀ ਸ਼ੁਦਾ ਬਲੋਚ ਲਿਬਰੇਸ਼ਨ ਆਰਮੀ (ਬੀ ਐਲ ਏ) ਨੇ ਲਈ ਹੈ, ਜਿਸ ਦਾ ਕਹਿਣਾ ਹੈ ਕਿ ਬਲੋਚ ਧਰਤੀ ਉੱਤੇ ਉਹ ਚੀਨ ਦੇ ਪਸਾਰਵਾਦੀ ਹਰਬਿਆਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

ਇਸ ਸੰਬੰਧ ਵਿੱਚ ਕਰਾਚੀ ਦੇ ਪੁਲੀਸ ਮੁਖੀ ਆਮਿਰ ਸ਼ੇਖ ਨੇ ਕਿਹਾ ਕਿ ਮਾਰੇ ਗਏ ਦਹਿਸ਼ਤਗਰਦਾਂ ਕੋਲੋਂ 9 ਹੈਂਡ ਗ੍ਰਨੇਡ, ਏ ਕੇ ਗਰੁੱਪ ਦੀਆਂ ਰਾਈਫਲਾਂ, ਮੈਗਜ਼ੀਨ ਅਤੇ ਵਿਸਫ਼ੋਟਕ ਮਿਲੇ ਹਨ। ਮਾਰੇ ਗਏ ਦੋਵੇਂ ਜਣੇ ਪਿਓ ਪੁੱਤਰ ਹਨ। ਕੌਂਸਲੇਟ ਤੋਂ ਥੋੜ੍ਹੀ ਦੂਰ ਗੱਡੀ ਖੜੀ ਕਰ ਕੇ ਆਏ ਹਮਲਾਵਰਾਂ ਨੇ ਪਹਿਲਾਂ ਕੌਂਸਲੇਟ ਦੇ ਬਾਹਰ ਚੌਕੀ ਉਤੇ ਗੋਲਾ ਸੁੱਟਿਆ। ਬੀ ਐਲ ਏ ਨੇ ਹਮਲਾਵਰਾਂ ਦੀਆਂ ਫੋਟੋ ਜਾਰੀ ਕੀਤੀਆਂ ਹਨ।



ਘਟਨਾ ਵਿਚ ਨੁਕਸਾਨੇ ਗਏ ਵਾਹਨ।

ਚੀਨ ਸਰਕਾਰ ਨੇ ਇਸ ਹਮਲੇ ਉੱਤੇ ਚਿੰਤਾ ਜ਼ਾਹਰ ਕਰਦਿਆਂ ਪਾਕਿਸਤਾਨ ਵਲੋਂ ਇਹ ਹਮਲਾ ਨਾਕਾਮ ਬਣਾਉਣ ਦੀ ਕਾਰਵਾਈ ਦੀ ਸ਼ਲਾਘਾ ਕੀਤੀ ਹੈ। ਭਾਰਤ ਨੇ ਵੀ ਇਸ ਹਮਲੇ ਦੀ ਸਖਤ ਨਿਖੇਧੀ ਕੀਤੀ ਹੈ। ਇਸ ਦੌਰਾਨ ਪਾਕਿਸਤਾਨ ਸਰਕਾਰ ਨੇ ਚੀਨ ਨੂੰ ਆਪਣੇ ਦੇਸ਼ ਵਿਚ ਚੀਨੀ ਨਾਗਰਿਕਾਂ ਨੂੰ ਪੂਰੀ ਸੁਰੱਖਿਆ ਹਾਸਲ ਕਰਾਉਣ ਅਤੇ ਕਰਾਚੀ ਵਿਚ ਹੋਏ ਹਮਲੇ ਦੀ ਯੋਗ ਜਾਂਚ ਕਰਾਉਣ ਦਾ ਭਰੋਸਾ ਦਿੱਤਾ ਅਤੇ ਇਸ ਬਾਰੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਚੀਨ ਦੇ ਵਿਦੇਸ਼ ਮੰਤਰੀ ਵੈਂਗ ਯੀ ਨਾਲ ਫੋਨ ਉੱਤੇ ਗੱਲਬਾਤ ਵੀ ਕੀਤੀ ਹੈ।

ਇਸ ਦੌਰਾਨ ਮਿਲੀਆਂ ਖਬਰਾਂ ਮੁਤਾ-ਬਕ ਕਰਾਚੀ ਪੁਲੀਸ ਦੀ ਇਕ ਮਹਿਲਾ ਅਫ਼ਸਰ, ਜਿਸ ਨੂੰ ਪ੍ਰਾਈਵੇਟ ਸਕੂਲ ਵਿਚ ਦਾਖ਼ਲਾ ਲੈਣ ਉੱਤੇ ਉਸ ਦੇ ਰਿਸ਼ਤੇਦਾਰਾਂ ਨੇ ਛੱਡ ਦਿੱਤਾ ਸੀ, ਨੇ ਅੱਜ ਇੱਥੇ ਚੀਨੀ ਕੌਂਸਲੇਟ 'ਤੇ ਅਤਿਵਾਦੀ ਹਮਲੇ ਸਮੇਂ ਇਸ ਦੂਤਘਰ ਵਿੱਚ ਕਈ ਚੀਨੀ ਮੁਲਾਜ਼ਮਾਂ ਦੀ ਜਾਨ ਬਚਾ ਲਈ। ਹਮਲੇ ਵਿਰੁੱਧ ਪੁਲੀਸ ਅਪਰੇਸ਼ਨ ਦੀ ਅਗਵਾਈ ਐਸ ਐਸ ਪੀ ਸੁਹਾਏ ਅਜ਼ੀਜ਼ ਤਾਲਪੁਰ ਕਰ ਰਹੀ ਸੀ। ਉਸ ਨੇ ਅਤਿਵਾਦੀਆਂ ਨੂੰ ਕੌਂਸਲੇਟ ਵਿੱਚ ਵੜਨ ਤੋਂ ਰੋਕ ਲਿਆ। ਤਾਲਪੁਰ ਦੀ ਟੀਮ ਨੇ ਕੌਂਸਲੇਟ ਪਹੁੰਚਦੇ ਸਾਰ ਪੁਜ਼ੀਸ਼ਨਾਂ ਲੈ ਕੇ ਜਵਾਬੀ ਗੋਲੀਬਾਰੀ ਸ਼ੁਰੂ ਕਰ ਦਿੱਤੀ। ਮੁਕਾਬਲੇ ਵਿਚ ਦੋ ਪੁਲੀਸ ਵਾਲੇ ਵੀ ਮਾਰੇ ਗਏ, ਪਰ ਸਾਰੇ ਹਮਲਾਵਰ ਵੀ ਮਾਰੇ ਗਏ।

## ਟਰੰਪ ਦੀ ਨਵੀਂ ਨੀਤੀ:
## ਅਦਾਲਤੀ ਕਾਰਵਾਈ ਤਕ ਸ਼ਰਨਾਰਥੀ ਲੋਕ ਮੈਕਸੀਕੋ 'ਚ ਰਹਿਣਗੇ



ਵਾਸ਼ਿੰਗਟਨ, 25 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਸ਼ਰਨ ਲੈਣ ਲਈ ਮੈਕਸੀਕੋ ਸੀਮਾ ਉੱਤੇ ਬੈਠੇ ਲਾਤੀਨੀ ਅਮਰੀਕੀ ਦੇਸ਼ਾਂ ਦੇ ਲੋਕਾਂ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਨਵਾਂ ਬਿਆਨ ਕੁਝ ਰਾਹਤ ਵਾਲਾ ਹੈ।

ਸ਼ਰਨਾਰਥੀਆਂ ਵੱਲ ਸਖ਼ਤ ਰੁਖ਼ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕੀਤਾ ਕਿ ਦੱਖਣੀ ਸਰਹੱਦ ਉੱਤੇ ਜਮ੍ਹਾਂ ਹੋਏ ਲੋਕਾਂ ਦੇ ਦਾਅਵਿਆਂ ਨੂੰ ਅਦਾਲਤ 'ਚ ਨਿੱਜੀ ਤੌਰ ਨਾਲ ਪਰਖਣ ਮਗਰੋਂ ਦੇਸ਼ 'ਚ ਦਾਖ਼ਲ ਹੋਣ ਦੀ ਆਗਿਆ ਦੇ ਦਿੱਤੀ ਜਾਵੇਗੀ। ਅਸੀਂ ਕਾਨੂੰਨੀ ਤਰੀਕੇ ਨਾਲ ਅਮਰੀਕਾ ਆਉਣ ਵਾਲੇ ਲੋਕਾਂ ਨੂੰ ਇਥੇ ਰਹਿਣ ਦੀ ਇਜਾਜ਼ਤ ਦੇਵਾਂਗੇ, ਪਰ ਉਦੋਂ ਤਕ ਉਹ ਮੈਕਸੀਕੋ ਵਿੱਚ ਹੀ ਰਹਿਣਗੇ। ਮੈਕਸੀਕੋ ਦੀ ਸੀਮਾ ਨਾਲ ਦੇ ਸ਼ਹਿਰ ਤਿਜੁਆਨਾ 'ਚ ਬੈਠੇ ਹੋਏ ਕੁਝ ਇਹੋ ਜਿਹੇ ਸ਼ਰਨਾਰਥੀਆਂ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ।

'ਵਾਸ਼ਿੰਗਟਨ ਪੋਸਟ' ਨੇ ਪਿੱਛੇ ਜਿਹੇ ਇਸ ਬਾਰੇ ਦੋਵਾਂ ਦੇਸ਼ਾਂ 'ਚ ਖ਼ਬਰ ਛਾਪੀ ਸੀ। ਟਰੰਪ ਦਾ ਇਹ ਬਿਆਨ ਉਸ ਖ਼ਬਰ ਦੀ ਪੁਸ਼ਟੀ ਕਰਦਾ ਹੈ, ਪਰ ਮੈਕਸੀਕੋ ਦੀ ਨਵ ਨਿਯੁਕਤ ਗ੍ਰਹਿ ਮੰਤਰੀ ਓਲਗਾ ਸਾਂਜੇਚ ਨੇ ਸਮਝੌਤੇ ਦੀ ਗੱਲ ਰੱਦ ਕਰ ਦਿੱਤੀ ਹੈ। ਟਰੰਪ ਨੇ ਸ਼ਰਨਾਰਥੀਆਂ ਨੂੰ ਰੋਕਣ ਲਈ ਕਰੀਬ ਛੇ ਹਜ਼ਾਰ ਫ਼ੌਜੀ ਵੀ ਮੈਕਸੀਕੋ ਸਰਹੱਦ ਉਤੇ ਭੇਜੇ ਸੀ। ਉਸ ਨੇ ਇਸ ਤੋਂ ਪਹਿਲਾਂ ਸ਼ਰਨਾਰਥੀਆਂ ਲਈ ਕਿਹਾ ਸੀ ਕਿ ਬੁਰੇ ਲੋਕਾਂ ਨੇ ਦੇਸ਼ ਉੱਤੇ ਹਮਲਾ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਪਿਛਲੇ ਪੰਜ ਸਾਲਾਂ 'ਚ ਅਮਰੀਕਾ ਵਿੱਚ ਸ਼ਰਨ ਮੰਗਦੇ ਲੋਕਾਂ ਦੀ ਗਿਣਤੀ ਦੋ ਹਜ਼ਾਰ ਫ਼ੀਸਦੀ ਵਧ ਗਈ ਹੈ। ਇਨ੍ਹਾਂ ਵਿੱਚੋਂ 10 ਫ਼ੀਸਦੀ ਤੋਂ ਵੀ ਘੱਟ ਲੋਕਾਂ ਨੂੰ ਅਮਰੀਕਾ 'ਚ ਰਹਿਣ ਦੀ ਆਗਿਆ ਮਿਲੇਗੀ।

## ਫੇਸਬੁੱਕ ਨੇ ਵੀ ਮਦਦ ਕੀਤੀ ਸੀ ਡੋਨਾਲਡ ਟਰੰਪ ਨੂੰ 2016 ਦੀਆਂ ਚੋਣਾਂ ਜਿਤਾਉਣ ਲਈ



ਲੰਡਨ, 25 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿਚ 2016 ਵਿੱਚ ਹੋਈ ਰਾਸ਼ਟਰਪਤੀ ਚੋਣ ਮੌਕੇ ਡੋਨਾਲਡ ਟਰੰਪ ਦੇ ਲਈ ਫੇਸਬੁੱਕ ਉੱਤੇ ਵੋਟਰਾਂ ਨੂੰ ਮਿੱਥ ਕੇ ਕੀਤੇ ਵਿ-ਗਿਆਪਨ ਕਾਫੀ ਮਦਦਗਾਰ ਸਾਬਿਤ ਹੋਏ। ਇਹ ਵਿਗਿਆਪਨ ਉਨ੍ਹਾਂ ਵੋਟਰਾਂ ਨੂੰ ਟਰੰਪ ਦੀ ਹਮਾਇਤ ਕਰਨ ਲਈ ਖਿੱਚਣ ਵਿਚ ਸਫਲ ਰਹੇ, ਜਿਨ੍ਹਾਂ ਨੇ ਆਪਣੀ ਇਕ ਰਾਏ ਨਹੀਂ ਬਣਾਈ ਸੀ। ਇਸ ਤੱਥ ਦਾ ਪਤਾ ਇਕ ਤਾਜ਼ਾ ਸਟੱਡੀ ਤੋਂ ਲੱਗਾ ਹੈ।

ਸਪੇਨ ਦੇ ਚਾਰਲਸ ਯੂਨੀਵਰਸਿਟੀ ਆਫ ਮੈਡ੍ਰਿਡ ਦੇ ਖੋਜੀਆਂ ਮੁਤਾਬਕ ਟਰੰਪ ਟੀਮ ਨੇ 4 ਕਰੋੜ 40 ਲੱਖ ਡਾਲਰ ਫੇਸਬੁੱਕ ਉੱਤੇ 2016 ਦੀ ਚੋਣ ਮੁਹਿੰਮ ਦੌਰਾਨ ਖਰਚ ਕੀਤੇ ਤੇ ਵੱਖ-ਵੱਖ ਤਰ੍ਹਾਂ ਦੇ175,000 ਵਿ-ਗਿਆਪਨ ਦਿੱਤੇ। ਉਥੇ ਡੈਮੋਕ੍ਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੇ ਚੋਣਾਂ ਮੌਕੇ 2 ਕਰੋੜ 80 ਲੱਖ ਡਾਲਰ ਖਰਚ ਕੀਤੇ। ਇਨ੍ਹਾਂ ਮੁਹਿੰਮਾਂ ਦੌਰਾਨ ਵੱਖ-ਵੱਖ ਤੱਥਾਂ, ਜਿਵੇਂ ਲਿੰਗ, ਸਥਾਨ ਅਤੇ ਸਿਆਸੀ ਝੁਕਾਅ ਦੇਖਦੇ ਹੋਏ ਫੇਸਬੁੱਕ ਯੂਜ਼ਰਸ ਕੋਲ ਸੰਦੇਸ਼ ਭੇਜੇ ਗਏ। ਇਸ ਤੋਂ ਇਸ ਗੱਲ ਦੀ ਸੰਭਾਵਨਾ ਵਧਦੀ ਹੈ ਕਿ ਜਿਨ੍ਹਾਂ ਵੋਟਰਾਂ ਨੇ ਇਹ ਤੈਅ ਨਹੀਂ ਕੀਤਾ ਸੀ ਕਿ ਵੋਟ ਕਿਸ ਉਮੀਦਵਾਰ ਨੂੰ ਦੇਣਗੇ, ਇਸ ਮੁਹਿੰਮ ਨਾਲ ਉਨ੍ਹਾਂ ਦੇ ਟਰੰਪ ਨੂੰ ਵੋਟ ਦੇਣ ਦੀ ਸੰਭਾਵਨਾ ਪੰਜ ਫੀਸਦੀ ਵਧ ਗਈ ਸੀ।

ਦੂਜੇ ਪਾਸੇ ਨਤੀਜੇ ਇਹ ਤੱਥ ਦੱਸਦੇ ਹਨ ਕਿ ਹਿਲੇਰੀ ਕਲਿੰਟਨ ਆਪਣੇ ਸੰਭਾਵਿਤ ਤੇ ਸੁਭਾਵਕ ਵੋਟਰਾਂ ਨੂੰ ਆਪਣੇ ਵੱਲ ਨਾ ਖਿੱਚਣ ਦੇ ਯੋਗ ਹੋਈ ਅਤੇ ਨਾ ਇਨ੍ਹਾਂ ਵੋਟਰਾਂ ਦੀ ਭਾਈਵਾਲੀ ਚੋਣਾਂ ਵਿਚ ਵਧਾ ਸਕੀ। ਖੋਜ ਕਰਤਾਵਾਂ ਨੇ ਕਿਹਾ ਕਿ ਬਦਕਿਸਮਤੀ ਨਾਲ ਇਹ ਦਿਖਾਉਣ ਲਈ ਉਨ੍ਹਾਂ ਕੋਲ ਕੋਈ ਅੰਕੜਾ ਨਹੀਂ ਕਿ ਇਹ ਰਣਨੀਤੀ ਕਿਉਂ ਟਰੰਪ ਲਈ ਕਾਰਗਰ ਰਹੀ ਅਤੇ ਕਲਿੰਟਨ ਲਈ ਨਹੀਂ ਹੋ ਸਕੀ।

## ਤਾਈਵਾਨੀ ਲੋਕਾਂ ਨੇ ਸਮਲਿੰਗੀ ਵਿਆਹ ਨੂੰ ਰਿਫਰੈਂਡਮ ਵਿੱਚ ਰੱਦ ਕੀਤਾ



ਰੈਫਰੰਡਮ ਖਿਲਾਫ ਪ੍ਰਦਰਸ਼ਨ ਕਰਦੇ ਸਮਲਿੰਗੀ ਜੋੜੇ।

ਤਾਇਪੇ, 25 ਨਵੰਬਰ (ਪੋਸਟ ਬਿਊਰੋ)- ਤਾਈਵਾਨ ਦੀ ਹਾਈ ਕੋਰਟ ਨੇ ਸਾਲ 2017 ਵਿਚ ਇਕ ਫੈਸਲਾ ਸਮਲਿੰਗੀ ਵਿਆਹ ਦੇ ਪੱਖ ਵਿਚ ਦਿੱਤਾ ਸੀ। ਉਸ ਫੈਸਲੇ ਨਾਲ ਦੇਸ਼ ਵਿਚ ਜ਼ੋਰਦਾਰ ਬਹਿਸ ਛਿੜ ਗਈ ਤੇ ਇਸ ਬਾਰੇ ਰਿਫਰੈਂਡਮ ਕਰਵਾਇਆ ਗਿਆ ਤਾਂ ਰਿਫਰੈਂਡਮ ਵਿਚ ਤਾਈਵਾਨ ਦੇ ਲੋਕਾਂ ਨੇ ਸਮਲਿੰਗੀ ਵਿਆਹ ਨੂੰ ਰੱਦ ਕਰ ਦਿੱਤਾ।


ਇਸ ਸੰਬੰਧ ਵਿੱਚ ਤਾਈਵਾਨ ਵਿਚ ਰਿਫਰੈਂਡਮ ਦੇ ਨਤੀਜੇ ਆਉਣ ਪਿੱਛੋਂ ਐਮਨੈਸਟੀ ਇੰਟਰਨੈਸ਼ਨਲ ਨੇ ਟਵੀਟ ਕਰ ਕੇ ਕਿਹਾ, 'ਤਾਈਵਾਨ ਰਿਫਰੈਂਡਮ ਵਿਚ ਲੋਕਾਂ ਨੇ ਵਿਆਹ ਲਈ ਸਭ ਨੂੰ ਬਰਾਬਰ ਅਧਿਕਾਰ ਦੇਣ ਦੇ ਵਿਰੁੱਧ ਵੋਟ ਕੀਤਾ ਹੈ। ਇਹ ਇਕ ਵੱਡਾ ਝਟਕਾ ਹੈ, ਪਰ ਸਾਨੂੰ ਆਸ ਹੈ ਕਿ ਸਭ ਲਈ ਪਿਆਰ ਅਤੇ ਬਰਾਬਰੀ ਦੇ ਅਰਥ ਦੀ ਰੱਖਿਆ ਕੀਤੀ ਜਾਵੇਗੀ।' ਮਾਰਚ 2017 ਵਿਚ ਹਾਈ ਕੋਰਟ ਨੇ ਪਾਰਲੀਮੈਂਟ ਨੂੰ ਕਾਨੂੰਨ ਵਿਚ ਸੋਧ ਕਰਨ ਜਾਂ ਨਵਾਂ ਕਾਨੂੰਨ ਪਾਸ ਕਰਨ ਲਈ 2 ਸਾਲ ਦਾ ਸਮਾਂ ਦਿੱਤਾ ਸੀ। ਤਾਜ਼ਾ ਰਿਫਰੈਂਡਮ ਦੇ ਨਤੀਜੇ ਉਲਟ ਆਏ ਹਨ। ਇਸ ਲਈ ਨਵਾਂ ਸਵਾਲ ਇਹ ਖੜ੍ਹਾ ਹੋਇਆ ਹੈ ਕਿ ਸਰਕਾਰ ਅੱਗੋਂ ਕੀ ਕਰੇ? ਇਹ ਦੇਖਣਾ ਹੋਵੇਗਾ ਕਿ ਸਰਕਾਰ ਸ਼ਨੀਵਾਰ ਨੂੰ ਹੋਏ ਰਿਫਰੈਂਡਮ ਵਿਚ ਸਾਹਮਣੇ ਆਈ ਜਨਤਾ ਦੀ ਰਾਏ ਨਾਲ ਜਾਂਦੀ ਹੈ ਜਾਂ ਹਾਈ ਕੋਰਟ ਦੇ ਆਦੇਸ਼ ਮੁਤਾਬਕ ਸਮਲਿੰਗੀ ਵਿਆਹ ਦੇ ਪੱਖ ਵਿਚ ਕਾਨੂੰਨ ਤਿਆਰ ਕਰਦੀ ਹੈ। ਤਾਈਵਾਨ ਸਰਕਾਰ ਨੇ ਪਹਿਲਾਂ ਕਿਹਾ ਸੀ ਕਿ ਸ਼ਨੀਵਾਰ ਦੇ ਰਿਫਰੈਂਡਮ ਵਿਚ ਜੋ ਵੀ ਨਤੀਜਾ ਆਵੇਗਾ, ਉਸ ਦਾ ਅਸਰ ਅਦਾਲਤ ਦੇ ਫੈਸਲੇ ਪਿੱਛੋਂ ਹੋਣ ਜਤਬਦੀਲੀਆਂ 'ਤੇ ਨਹੀਂ ਪਵੇਗਾ।

ਅਸਲ ਵਿਚ ਤਾਈਵਾਨ ਸਰਕਾਰ ਨੂੰ ਰਿਫਰੈਂਡਮ ਕਰਾਉਣ ਦਾ ਫੈਸਲਾ ਸੱਜੇ ਪੱਖੀ ਪਾਰਟੀ ਦੇ ਦਬਾਅ ਵਿਚ ਲੈਣਾ ਪਿਆ। ਸ਼ੁਰੂ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਰੂੜ੍ਹੀਵਾਦੀਆਂ ਨੂੰ ਭਾਰੀ ਸਮਰਥਨ ਮਿਲਿਆ ਅਤੇ ਸਮਲਿੰਗੀ ਅਧਿਕਾਰ ਦੀ ਮੰਗ ਕਰਨ ਵਾਲਿਆਂ ਨੂੰ ਜਨਤਾ ਨੇ ਰੱਦ ਕਰ ਦਿੱਤਾ ਹੈ। ਅਧਿਕਾਰੀਆਂ ਨੂੰ ਸਿਵਲ ਕੋਡ ਦੀ ਤਬਦੀਲੀ ਬਿਨਾਂ ਇਕ ਵਿਸ਼ੇਸ਼ ਕਾਨੂੰਨ ਪਾਸ ਕਰ ਲੈਣ ਦੀ ਆਸ ਹੈ। ਰਿਫਰੈਂਡਮ ਵਿਚ ਹਾਰ ਪਿੱਛੋਂ ਸੱਤਾਧਾਰੀ ਡੈਮੋਕ੍ਰੈਟਿਕ ਪਾਰਟੀ ਨੂੰ ਝਟਕਾ ਲੱਗਾ ਹੈ।

## ਪਰਵਾਸੀ ਭਾਰਤੀਆਂ ਨੂੰ ਭਾਰਤ ਦਾ ਪਾਸ-ਪੋਰਟ 48 ਘੰਟੇ 'ਚ ਜਾਰੀ ਹੋਵੇਗਾ

ਵਾਸ਼ਿੰਗਟਨ, 25 ਨਵੰਬਰ (ਪੋਸਟ ਬਿਊਰੋ)- ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਭਾਰਤ ਦੇ ਪਾਸਪੋਰਟ ਲਈ ਅੱਗੇ ਤੋਂ ਲੰਬੀ ਉਡੀਕ ਨਹੀਂ ਕਰਨੀ ਪਾਵੇਗੀ। ਵਿਦੇਸ਼ ਰਾਜ ਮੰਤਰੀ ਜਨਰਲ ਵੀ ਕੇ ਸਿੰਘ ਨੇ ਇਥੇ ਕਿਹਾ ਕਿ ਜਲਦੀ ਹੀ ਦੁਨੀਆ ਭਰ 'ਚ ਭਾਰਤੀ ਦੂਤਘਰ 48 ਘੰਟੇ ਤੋਂ ਵੀ ਘੱਟ ਸਮੇਂ ਵਿੱਚ ਪਾਸਪੋਰਟ ਦੇਣ ਲੱਗ ਜਾਣਗੇ।

ਵਾਸ਼ਿੰਗਟਨ ਦੇ ਭਾਰਤੀ ਦੂਤਘਰ ਵਿੱਚ ਸ਼ਨਿਚਰਵਾਰ ਨੂੰ 'ਪਾਸਪੋਰਟ ਸੇਵਾ' ਯੋਜਨਾ ਦਾ ਉਦਘਾਟਨ ਕਰਦੇ ਵਕਤ ਜਨਰਲ ਵੀ ਕੇ ਸਿੰਘ ਨੇ ਕਿਹਾ ਕਿ ਵਿਦੇਸ਼ ਵਿੱਚ ਭਾਰਤੀ ਦੂਤਘਰ ਤੇ ਹਾਈ ਕਮਿਸ਼ਨਾਂ ਨੂੰ ਭਾਰਤ ਦੇ ਵੇਰਵਾ ਸੈਂਟਰ ਨਾਲ ਜੋੜਿਆ ਜਾ ਰਿਹਾ ਹੈ ਅਤੇ ਪਾਸਪੋਰਟ ਸਬੰਧੀ ਨਿਯਮ-ਕਾਨੂੰਨਾਂ ਨੂੰ ਸੌਖੇ ਕੀਤਾ ਗਿਆ ਹੈ। ਬਿਨੈਕਾਰਾਂ ਦੀਆਂ ਜਾਣਕਾਰੀਆਂ ਦਾ ਵੇਰਵਾ ਡਿਜੀਟਲ ਸਿਸਟਮ ਨਾਲ ਹੋ ਜਾਣ ਪਿੱਛੋਂ ਪਾਸਪੋਰਟ ਜਾਰੀ ਕਰਨ ਦੀ ਪ੍ਰਕਿਰਿਆ ਤੇਜ਼ੀ ਹੋਵੇਗੀ। ਇਸ ਹਫ਼ਤੇ ਨਿਊਯਾਰਕ ਦੇ ਭਾਰਤੀ ਮਿਸ਼ਨ ਨੇ 48 ਘੰਟੇ ਤੋਂ ਵੀ ਘੱਟ ਸਮੇਂ 'ਚ ਪਾਸਪੋਰਟ ਜਾਰੀ ਕੀਤਾ ਸੀ।



ਪਾਸਪੋਰਟ ਸੇਵਾ ਯੋਜਨਾ ਪਿਛਲੇ ਮਹੀਨੇ ਸਭ ਤੋਂ ਪਹਿਲਾਂ ਬ੍ਰਿਟੇਨ ਵਿੱਚ ਲਾਂਚ ਕੀਤੀ ਗਈ ਸੀ। ਅਮਰੀਕਾ ਵਿੱਚ ਇਹ ਯੋਜਨਾ ਸਭ ਤੋਂ ਪਹਿਲਾਂ ਨਿਊਯਾਰਕ ਵਿੱਚ 21 ਨਵੰਬਰ ਨੂੰ ਲਾਂਚ ਹੋਈ। ਨਿਊਯਾਰਕ ਅਤੇ ਵਾਸ਼ਿੰਗਟਨ ਤੋਂ ਬਾਅਦ ਸ਼ਿਕਾਗੋ ਐਟਲਾਂਟਾ ਅਤੇ ਸਾਨ ਫਰਾਂਸਿਸਕੋ ਵਿੱਚ ਵੀ ਇਹ ਯੋਜਨਾ ਸ਼ੁਰੂ ਕੀਤੀ ਜਾਵੇਗੀ। ਅਮਰੀਕਾ ਵਿੱਚ ਭਾਰਤੀ ਰਾਜਦੂਤ ਨਵਤੇਜ ਸਿੰਘ ਸਰਨਾ ਨੇ ਕਿਹਾ ਕਿ ਇਸ ਯੋਜਨਾ ਤਹਿਤ ਭਾਰਤੀ ਪਾਸ-ਪੋਰਟ ਸੇਵਾ ਦੀ ਗੁਣਵੱਤਾ ਵਧੇਗੀ। ਭਾਰਤ ਸਰਕਾਰ ਜਲਦੀ ਨਵਾਂ ਪਾਸ-ਪੋਰਟ ਲਾਂਚ ਕਰਨ ਵਾਲੀ ਹੈ। ਨਵੇਂ ਪਾਸਪੋਰਟ ਦੇ ਕਾਗਜ਼ ਅਤੇ ਪ੍ਰਿੰਟਿੰਗ 'ਚ ਸੁਧਾਰਾਂ ਦੇ ਨਾਲ ਹੀ ਕਈ ਸੁਰੱਖਿਆ ਵਿਸ਼ੇਸ਼ਤਾਵਾਂ ਵੀ ਜੋੜੀਆਂ ਗਈਆਂ ਹਨ।




Honesty, Reliability, Commitment
HomeLife SilverCity Realty Inc. Brokerage
"Open House Until Sold"
○ 1 yr Home Warranty
○ Furniture & Home Appliances
○ Get 40% Discount on Brand Name
○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Needs Call: 416.319.0551 or 905.913.8585

SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance



A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਉ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



MICHELIN Hankook Continental ROADLUX BFGoodrich AEOLUS
Chevron Delo
Special OIL CHANGE Rates
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT
BRAND NEW MACHINES 2018
Brake & Drum - On Special Sale!
-Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
1715 Sismet Rd, Mississauga | Call Ranjit: 416.624.8351 | Tel: 905.625.0055


# ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਉਤਸਵ ਸਮਾਗਮਾਂ ਦੀ ਮਨਮੋਹਨ ਸਿੰਘ ਵੱਲੋਂ ਸ਼ੁਰੂਆਤ

ਣਸੁਲਤਾਨਪੁਰ ਲੋਧੀ, 25 ਨਵੰਬਰ, (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਜੀ ਦੇ ਇੱਕ ਸਾਲ ਚੱਲਣ ਵਾਲੇ 550ਵੇਂ ਪ੍ਰਕਾਸ਼ ਉਤਸਵ ਸਮਾਗਮਾਂ ਅਤੇ ਵਿਕਾਸ ਪ੍ਰਾਜੈਕਟਾਂ ਦੀ ਰਸਮੀ ਸ਼ੁਰੂਆਤ ਅੱਜ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਗੁਰੂ ਸਾਹਿਬ ਦੇ 549ਵੇਂ ਪ੍ਰਕਾਸ਼ ਪੁਰਬ ਮੌਕੇ ਕਰ ਦਿੱਤੀ ਹੈ। ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਸਾਂਝੇ ਤੌਰ ਉੱਤੇ ਉਨ੍ਹਾਂ ਨੇ 150 ਕਰੋੜ ਰੁਪਏ ਦੀ ਲਾਗਤ ਦੇ 26 ਪ੍ਰਾਜੈਕਟਾਂ ਦੇ ਨੀਂਹ ਪੱਥਰ ਵੀ ਇਸ ਸਮਾਗਮ ਦੀ ਸਟੇਜ ਤੋਂ ਇੱਕ ਬਟਨ ਦੱਬ ਕੇ ਰੱਖੇ।

ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਾਰਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਦੇਸ਼ ਨੂੰ ਫਿਰਕੂ ਲੀਹਾਂ ਉੱਤੇ ਵੰਡਣ ਦੀਆਂ ਕੋਸ਼ਿਸ਼ਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸਾਲ 2019 ਵਿੱਚ ਆਉਣ ਵਾਲੇ 550ਵੇਂ ਪ੍ਰਕਾਸ਼ ਪੁਰਬ ਨੂੰ ਜਾਤ, ਰੰਗ, ਨਸਲ ਤੇ ਧਰਮ ਤੋਂ ਉੱਪਰ ਉਠ ਕੇ ਸਾਰਾ ਸਾਲ ਪੂਰੇ ਉਤਸ਼ਾਹ ਤੇ ਚਾਅ ਨਾਲ ਮਨਾਉਣ। ਉਨ੍ਹਾਂ ਨੇ ਗੁਰਬਾਣੀ ਦੇ ਯੋਗ ਹਵਾਲਿਆਂ ਨਾਲ ਗੁਰੂ ਬਾਬੇ ਦਾ ਅਸਲ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਦੀ ਅਪੀਲ ਕੀਤੀ।

ਅੱਜ ਦੇ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਵਾਸਤੇ ਲਾਂਘਾ ਖੋਲ੍ਹਣ ਦੇ ਕੇਂਦਰ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਪੰਜਾਬ ਦੇ ਲੋਕਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ ਅਤੇ ਭਾਰਤ ਦੇ ਰਾਸ਼ਟਰਪਤੀ ਇਸ ਲਾਂਘੇ ਵਾਲੇ ਗੇਟ ਦਾ 26 ਨਵੰਬਰ ਨੂੰ ਨੀਂਹ ਪੱਥਰ ਰੱਖਣਗੇ। ਮੁੱਖ ਮੰਤਰੀ ਨੇ ਪਾਕਿਸਤਾਨ ਵੱਲੋਂ ਭਰੇ ਹੁੰਗਾਰੇ ਲਈ ਉਥੋਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਵੀ ਧੰਨਵਾਦ ਕੀਤਾ ਅਤੇ ਯਕੀਨ ਦੁਆਇਆ ਕਿ ਇਸ ਪ੍ਰਾਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਪੰਜਾਬ ਸਰਕਾਰ ਪੂਰੀ ਤਨਦੇਹੀ ਨਾਲ ਕੰਮ ਕਰੇਗੀ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਵਿਕਾਸ ਕਾਰਜਾਂ ਲਈ ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਰਾਜ ਸਰਕਾਰ ਵੱਲੋਂ ਸ਼ਾਨਦਾਰ ਢੰਗ ਨਾਲ ਸਮਾਰੋਹ ਮਨਾਉਣ ਦਾ ਵਾਅਦਾ ਕਰਦਿਆਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝ ਰਹੇ ਹਨ ਕਿ ਉਸ ਨੂੰ ਇਹ ਇਤਿਹਾਸਕ ਸਮਾਰੋਹ ਮਨਾਉਣ ਦਾ ਮੌਕਾ ਮਿਲਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਸ ਮੌਕੇ ਐਲਾਨੇ ਪ੍ਰਾਜੈਕਟਾਂ ਅਤੇ ਸਕੀਮਾਂ ਵਿਚ 'ਸਰਬੱਤ ਸਿਹਤ ਬੀਮਾ ਯੋਜਨਾ' ਹੇਠ ਪੰਜਾਬ ਦੇ 43 ਲੱਖ ਪਰਿਵਾਰਾਂ ਦਾ 5 ਲੱਖ ਰੁਪਏ ਤੱਕ ਦਾ ਬੀਮਾ ਕੀਤਾ ਜਾਵੇਗਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਇੰਸਟੀਚਿਊਟ ਆਫ ਇੰਟਰਫੇਥ ਸਟੱਡੀਜ਼ ਸ਼ੁਰੂ ਕੀਤੀ ਜਾਵੇਗੀ। ਕਾਲੀ ਵੇਈਂ ਦੀ ਸਫਾਈ ਤੇ ਬੰਨ੍ਹ ਮਜ਼ਬੂਤ ਕੀਤੇ ਜਾਣਗੇ। ਸੁਲਤਾਨਪੁਰ ਲੋਧੀ ਵਿਚ 'ਪਿੰਡ ਬਾਬੇ ਨਾਨਕ ਦਾ' ਅਤੇ ਨੇੜੇ ਹੀ ਲੜਕੀਆਂ ਲਈ ਬੇਬੇ ਨਾਨਕੀ ਕਾਲਜ ਬਣਾਇਆ ਜਾਵੇਗਾ। ਇਸ ਨਗਰ ਵੱਲ ਜਾਂਦੀਆਂ ਸੜਕਾਂ ਦੀ ਉਸਾਰੀ ਤੇ ਨਵੀਨੀਕਰਨ ਦਾ ਕੰਮ ਕੀਤਾ ਜਾਵੇਗਾ। ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ ਤੇ ਬਟਾਲਾ ਦੇ ਸ਼ਹਿਰੀ ਵਿਕਾਸ ਕਾਰਜ ਸ਼ੁਰੂ ਕੀਤੇ ਜਾਣਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਵਾਲੇ 36 ਪਿੰਡਾਂ ਤੇ ਮੌਜੂਦਾ 11 ਨਗਰ ਪੰਚਾਇਤਾਂ ਦਾ ਸਰਬ ਪੱਖੀ



ਵਿਕਾਸ ਕੀਤਾ ਜਾਵੇਗਾ। ਜ਼ਿਲਾ ਗੁਰਦਾਸਪੁਰ ਦੇ ਪਿੰਡ ਕੋਟਲੀ ਨੰਗਲ ਵਿਚ ਸਰਕਾਰੀ ਮੈਡੀਕਲ ਕਾਲਜ ਅਤੇ ਸੁਪਰ ਸਪੈਸ਼ਲਿਟੀ ਹਸਪਤਾਲ ਬਣਾਇਆ ਜਾਵੇਗਾ ਅਤੇ ਪੰਜਾਬ ਭਰ ਵਿਚ ਸਮਾਰਟ ਪਿੰਡ ਮੁਹਿੰਮ ਸ਼ੁਰੂ ਕੀਤੀ ਜਾਵੇਗੀ।

ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਨੇ ਸਾਲ ਭਰ ਵਾਲੇ ਸਮਾਰੋਹਾਂ ਦੀ ਸ਼ੁਰੂਆਤ ਕਰਨ ਮੌਕੇ ਦਿੱਲੀ ਦੇ ਨੈਸ਼ਨਲ ਇੰਸਟੀਚਿਊਟ ਆਫ ਪੰਜਾਬ ਸਟੱਡੀਜ਼ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਦੀ ਇਤਿਹਾਸ ਨੂੰ ਪੇਸ਼ ਕਰਨ ਵਾਲੀ ਪ੍ਰਦਰਸ਼ਨੀ 'ਰਬਾਬ ਤੋਂ ਨਗਾਰਾ' ਦਾ ਉਦਘਾਟਨ ਕੀਤਾ। ਇਸ ਸਮਾਗਮ ਦੌਰਾਨ ਸੰਤ ਸਮਾਜ ਦੇ ਬਾਬਾ ਸਰਬਜੋਤ ਸਿੰਘ ਬੇਦੀ, ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਦੇ ਪ੍ਰਧਾਨ ਸੰਤ ਨਿਰਮਲ ਦਾਸ, ਨਿਹੰਗ ਜਥੇਬੰਦੀਆਂ ਵਿੱਚੋਂ ਬਾਬਾ ਬਲਬੀਰ ਸਿੰਘ ਤੇ ਹੋਰ ਮਹਾਂਪੁਰਸ਼ਾਂ ਦੇ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਪੰਜਾਬ ਕਾਂਗਰਸ ਦੀ ਇੰਚਾਰਜ ਆਸ਼ਾ ਕਮਾਰੀ, ਕੈਬਨਿਟ ਮੰਤਰੀ ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀਆ, ਸਾਧੂ ਸਿੰਘ ਧਰਮਸੋਤ, ਓ ਪੀ ਸੋਨੀ (ਸਾਰੇ ਮੰਤਰੀ) ਮੌਜੂਦ ਸਨ। ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਚੌਧਰੀ ਸੰਤੋਖ ਸਿੰਘ, ਨਵਤੇਜ ਸਿੰਘ ਚੀਮਾ, ਰਾਣਾ ਗੁਰਜੀਤ ਸਿੰਘ, ਸੰਗਤ ਸਿੰਘ ਗਿਲਜੀਆਂ, ਗੁਰਕੀਰਤ ਸਿੰਘ ਕੋਟਲੀ, ਰਮਨਜੀਤ ਸਿੰਘ ਸਿੱਕੀ, ਹਰਦੇਵ ਸਿੰਘ ਲਾਡੀ, ਸੁਸ਼ੀਲ ਕੁਮਾਰ ਰਿੰਕੂ ਵੀ ਹਾਜ਼ਰ ਸਨ।

## ਸਿਰ ਵਿੱਚ ਖੁੱਭੇ ਚਾਕੂ ਸਮੇਤ ਸਾਈਕਲ ਚਲਾ ਕੇ ਹਸਪਤਾਲ ਗਿਆ



ਕੇਪਟਾਊਨ, 25 ਨਵੰਬਰ (ਪੋਸਟ ਬਿਊਰੋ)- ਇਕ ਵਿਅਕਤੀ ਹਸਪਤਾਲ 'ਚ ਅਜਿਹੀ ਹਾਲਤ 'ਚ ਆਇਆ ਕਿ ਉਸ ਨੂੰ ਜਿਸ ਨੇ ਵੀ ਦੇਖਿਆ, ਉਹ ਹੈਰਾਨ ਰਹਿ ਗਿਆ।

